# ਬਾਬਾ ਸੋਹਣ ਸਿੰਘ ਭਕਨਾ: ਬਾਬਾ ਜੀ ਨਾਲ ਸਾਂਝ

**(04 ਜਨਵਰੀ 1870 - 20 ਦਸੰਬਰ 1968)**

**ਮਲਵਿੰਦਰ ਜੀਤ ਸਿੰਘ ਵੜੈਚ***

ਮੇਰੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ’ਚ ਬਤੌਰ ਪ੍ਰੋਫੈਸਰੀ ਦੀ ਸ਼ੁਰੂਆਤ ਤੋਂ ਕੋਈ ਸਾਢੇ ਤਿੰਨ ਕੁ ਸਾਲ ਮਗਰੋਂ ਸ਼ਹੀਦ ਭਗਤ ਸਿੰਘ ਦੇ ਭਾਣਜੇ (ਬੀਬੀ ਅਮਰ ਕੌਰ ਦੇ ਸਪੁੱਤਰ) ਅਲੈਕਟਰੀਕਲ ਇੰਜੀਨੀਅਰਿੰਗ ਬਰਾਂਚ ’ਚ ਦਾਖਲ ਹੋਏ, ਤੇ ਮੈਂ ਉਹਨਾਂ ਦੀ ਮੂਹਰਲੇ ਬੈਂਚ ’ਤੇ ਬੈਠਿਆ ਦੇਖਿਆ ਪਹਿਲੀ ਨਜ਼ਰੇ ਹੀ ਮੈਨੂੰ ਪਭਾਵਿਤ ਕਰ ਗਏ, ਝਬਦੇ ਹੀ ਉਹਨਾਂ ਦੇ ਪਰਿਵਾਰਕ ਪਿਛੋਕੜ ਦਾ ਪਤਾ ਲਗਾ ਤਾਂ ਡੂੰਘੀ ਸਾਂਝ ਦਾ ਸਮਝੋ ਨੀਂਹ ਪੱਥਰ ਰੱਖਿਆ ਗਿਆ। ਮੈਂ ਤਾਂ ਗਦਰ ਪਾਰਟੀ ਦੇ 1964 ਵਾਲੇ ਗੋਲਡਨ ਜੁਬਲੀ ਤੇ ਜਲੰਧਰ ਦੇਸ਼ਭਗਤ ਹਾਲ ਸਮਾਗਮ ’ਚ ਜਾਣੋ ਰਹਿ ਗਿਆ, ਪਰ ਅਜ਼ੀਜ਼ ਜਗਮੋਹਨ ਨੇ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਸਾਰੇ ਸਮਾਗਮ ਦੀ ਹਾਜ਼ਰੀ ਭਰੀ ਤੇ ਨਵੀਂ ਜਾਣਕਾਰੀ ਨੋਟ ਵੀ ਕੀਤੀ। (ਮੌਕਾ ਮੇਲ: ਗ਼ਦਰ ਪਾਰਟੀ ਦੀ ਗੋਲਡਨ ਜੁਬਲੀ, ਦੇਸ਼ ਭਗਤ ਹਾਲ, ਜਲੰਧਰ ਮਾਰਚ 1964)।

ਫ਼ਾਰਗ਼ ਹੋਕੇ ਉਹ ਜਦੋਂ ਮੈਨੂੰ ਮਿਲੇ ਤਾਂ ਗੱਲ ਇਥੋਂ ਸ਼ੁਰੂ ਕੀਤੀ ਕਿ ਸਾਰੇ ਬਾਬਿਆਂ ’ਚੋਂ ਮੈਂ ਬਾਬਾ ਭਕਨਾ ਤੋਂ ਪ੍ਰਭਾਵਿਤ ਹੋਇਆ ਹਾਂ, ਖਾਸ ਕਰਕੇ ਜਦੋਂ ਉਹਨਾਂ ਵੰਗਾਰਵੀ ਸੁਰ ’ਚ ਕਿਹਾ, “ਨੌਜਵਾਨੋ! ਭਾਵੇਂ ਮੈਂ 94 ਵਰ੍ਹਿਆਂ ਦਾ ਹੋ ਗਿਆ ਹਾਂ, ਪਰ ਮੈਂ ਤੁਹਾਡਾ ਵਿਰਸਾ ਸੰਭਾਲ ਕੇ ਰੱਖਿਆ ਹੋਇਐ ਤੇ ਜਿੰਨਾ ਚਿਰ ਤੁਸੀਂ ਮੈਥੋਂ ਇਹ ਲੈ ਨਹੀਂ ਜਾਂਦੇ, ਮੈਂ ਮਰਨਾ ਹੈ ਨਹੀਂ।” ਅਜ਼ੀਜ਼ ਨੇ ਖੁਲਾਸਾ ਕੀਤਾ ਕਿ ਇਸ ਬਾਬੇ ਦੇ ਬੋਲ ਅੱਜ ਏਸ ਉਮਰੇ ਸਾਨੂੰ ਐਨਾ ਟੁੰਬ ਰਹੇ ਨੇ ਤੇ ਜਦੋਂ ਇਹ ਭਰ ਜਵਾਨ ਹੋਵੇਗਾ, ਉਦੋਂ ਕੀ ਭਾਂਬੜ ਬਾਲਦਾ ਹੋਵੇਗਾ?

ਵਾਪਸੀ ਤੇ ਮੈਨੂੰ ਇਹ ਕੁਝ ਦੱਸਿਆ ਤੇ ਲੱਗਾ ਕਿ ਸਾਨੂੰ ਛੇਤੀ ਤੋਂ ਛੇਤੀ ਬਾਬੇ ਕੋਲ ਜਾਣਾ ਚਾਹੀਦਾ, ਪਰ ਫਿਰ ਇਹ ਸੋਚ ਕੇ ਕਿ ਸਾਡੇ ਪਲੇ ਅਜੇਹਾ ਕੀ ਕੁਝ ਹੈ, ਜੀਹਦੇ ਸਿਰ ਤੇ ਅਸੀਂ ਇਹਦੇ ਹੱਕਦਾਰ ਬਣੀਏ? ਮੁਕਦੀ ਗੱਲ, ਮੇਰੀ ਜਦੋਂ ਤੱਕੀ ’ਚ ਹੀ ਸਵਾ ਦੋ ਸਾਲ ਬੀਤ ਗਏ। ਅਖੀਰ 1966 ਦੀਆਂ ਗਰਮੀ ਦੀਆਂ ਛੁੱਟੀਆਂ ਦੌਰਾਨ 5 ਜੂਨ 1966 ਦੀ ਰਾਤ ਨੂੰ ਮੈਂ, ਜਗਮੋਹਨ ਅਤੇ ਮੇਰਾ ਭਾਣਜਾ ਰਾਜਿੰਦਰ ਚੀਮਾ ਗੱਡੀ ਫੜ ਕੇ 06.06.1966 ਨੂੰ ਸਵੇਰੇ 6 ਕੁ ਵਜੇ ਬਾਬਾ ਜੀ ਦੇ ਦਰ ਤੇ ਦਸਤਕ ਜਾ ਦਿੱਤੀ। ਬਾਬਾ ਜੀ ਬੜੇ ਪਿਆਰ ਨਾਲ ਮਿਲੇ ਤੇ ਚੂੰਕਿ ਅਸੀਂ ਰਾਹ ’ਚ ਹੀ ਇਕ ਵਗਦੇ ਖੂਹ ਤੋਂ ਨਹਾ-ਧੋਕੇ ਆਏ ਸੀ ਜੋ ਗਿਲੇ ਤੌਲੀਏ ਤ ਕੱਛਿਆਂ ਤੋਂ ਜ਼ਾਹਰ ਸੀ, ਉਨ੍ਹਾਂ ਫੌਰਨ ਚਾਹ-ਪਾਣੀ ਨਾਲ ਟਹਿਲ-ਸੇਵਾ ਕੀਤੀ ਤੇ ਇਹ ਵੀ ਨੋਟ ਕਰ ਲਿਆ ਕਿ ਅਸੀਂ ਪਿੰਡ ਵਾਲੇ ਪਾਸੇ ਦੀ ਬਜਾਏ ਦਰੇਡੇ ਰਸਤਿਓਂ ਆਏ ਹਾਂ। ਚਾਹ-ਪਾਣੀ ਤੋਂ ਫਾਰਗ ਹੋਕੇ ਜਦੋਂ ਮੈਂ ਆਪਣੀ ਜਗਮੋਹਨ ਦੀ  ਅਤੇ ਰਾਜਿੰਦਰ ਦੀ ਪਛਾਣ ਕਰਾਈ ਤਾਂ ਇੱਕ ਦਮ ਫਿਸਲ ਪਏ, ਅੱਖਾਂ ਤੋਂ ਰੁਮਾਲ ਅਥਰੂ ਪੂੰਝ ਕੇ ਕਿਹਾ ਕਿ ਸਾਨੂੰ (ਮੈਨੂੰ) ਤਾਂ ਮੌਤ ਨੇ ਵੀ ਨਹੀਂ ਸੀ ਕਬੂਲਿਆ। ਫਿਰ ਸੂਰਤ ਸੰਭਾਲਦਿਆਂ ਸਾਥੋਂ ਵਾਰੀ ਵਾਰੀ ਵਧੇਰ ਵਾਕਫੀਅਤ ਲਈ... ਪਰ ਸਾਨੂੰ ਇਹ ਜਾਣ ਕੇ ਹਦੋਂ ਪਰੇ ਖੁਸ਼ੀ ਦੇ ਨਾਲ ਨਿਰਾਸਤਾ ਵੀ ਹੋਈ ਕਿ ਐਡੀ ਮਹਾਨ ਹਸਤੀ ਨੇ ਸ਼ਰੇਆਮ ਹੋਕਾ ਦਿੱਤੈ ਤੇ ਸਵਾ ਦੋ ਸਾਲਾਂ ਦੌਰਾਨ ਕੋਈ ਵੀ ਨਹੀਂ ਬਹੁੜਿਆ।

ਬਾਬਾ ਜੀ ਨੇ ਗੱਲੀ ਕਥੀ ਪਤਾ ਲਾ ਲਿਆ ਕਿ ਮੈਂ ਉਹਨਾਂ ਦਾ ਕੰਮ ਦਾ ਬੰਦਾ ਵਾਂ, ਉਹ ਇਸ ਲਈ ਕਿ ਬਾਬਾ ਜੀ ਸਿਰਫ ਉਰਦੂ ਵਿੱਚ ਲਿਖਣ ਦੇ ਆਦੀ ਸਨ, ਜੋ ਹੁਣ ਕੋਈ ਨਹੀਂ ਜਾਣਦਾ ਤੇ ਇਸ ਲਈ ਉਹਨਾਂ ਦੀਆਂ ਲਿਖਤਾਂ ਦਾ ਪੰਜਾਬੀ (ਜਾਂ ਫੇਰ ਹਿੰਦੀ ਜਾਂ ਅੰਗਰੇਜ਼ੀ) ’ਚ ਅਨੁਵਾਦ ਦੀ ਬਹੁਤ ਲੋੜ ਸੀ – ਕੁਲ ਮਿਲਾਕੇ ਮੇਰੀ ਮੁਨਸ਼ੀ ਦੀ ਨੌਕਰੀ ‘ਪੱਕੀ’ ਹੋ ਗਈ, ਜੋ ਮੇਰੀ ਜੀਵਨ ਭਰ ਦੀ ਪਛਾਣ ਹੋ ਨਿਬੜੀ। ਬਾਬਾ ਜੀ ਨੇ ਸਾਨੂੰ ਵਿਦਾ (see off) ਕਰਨ ਸਮੇਂ ਸਕੂਲ ਨੇੜੇ ਕੱਚੇ ਲਾਂਘੇ ਤੇ ਸ਼ਿਲਾ ਲੇਖ ਦੇ ਦਰਸ਼ਨ ਕਰਾਏ, ਜਿਹਦੀ ਇਬਾਰਤ ਇਸ ਪਕਾਰ ਸੀ:

**ਸ਼ਿਲਾਲੇਖ**

* ਪਿੰਡ ਤੇ ਡਾਕਖਾਨਾ ਸਕੇਤੜੀ, ਜ਼ਿਲ੍ਹਾ ਪੰਚਕੂਲਾ 134109; ਫੋਨ: 0172-2556314
ਈਮੇਲ: mjswaraich29@gmail.com; ਫੇਸਬੁਕ: Malwinder Jit Singh Waraich

*(ਇਹ ਸਤਰਾਂ ਸ਼ਿਲਾਲੇਖ 'ਤੇ ਲਿਖ ਕੇ ਬਾਬਾ ਜੀ ਨੇ ਗਦਰ ਪਾਰਟੀ ਦੀ ਯਾਦਗਾਰ ਆਪਣੇ ਪਿੰਡ ਬਣਾਈ ਹੈ ਤਾਂ ਕਿ ਆਉਣ ਵਾਲੀਆਂ ਨਸਲਾਂ ਆਪਣੇ ਇਤਿਹਾਸਿਕ ਵਿਰਸੇ ਤੋਂ ਜਾਣੂ ਹੋ ਸਕਣ।)*

**ਦੇਸ਼ ਨੂੰ ਆਜ਼ਾਦੀ ਤੇ ਬਰਾਬਰੀ ਦਾ ਰਾਹ ਵਿਖਾਉਣ ਵਾਲੀ**
**ਪਹਿਲੀ ਪਾਰਟੀ ਕਿਹੜੀ ਹੈ?**

**ਗਦਰ ਪਾਰਟੀ**

ਜਿਹੜੀ ਮਾਰਚ 1913 ਨੂੰ
ਅਮਰੀਕਾ ਵਿੱਚ, ਹਿੰਦੀ ਮਿਹਨਤਕਸ਼ਾਂ,
ਹਿੰਦੀ ਜਲਾਵਤਨ ਦੇਸ਼ਭਗਤਾਂ ਤੇ ਹਿੰਦੀ ਵਿਦਿਆਰਥੀਆਂ ਦੀ
ਮਿਲਵੀਂ ਕੋਸ਼ਿਸ਼ ਦੇ ਸਿੱਟੇ ਵਜੋਂ ਹੋਂਦ ਵਿੱਚ ਆਈ।
ਜਿਸ ਨੇ ਗੁਲਾਮੀ ਦੇ ਖਿਲਾਫ਼ ਤੇ ਆਜ਼ਾਦੀ ਦੇ ਹੱਕ ਵਿੱਚ ਝੰਡਾ ਚੁੱਕਿਆ।
ਤੇ ਸੈਂਕੜੇ ਸ਼ਹੀਦਾਂ ਦੀ ਕੁਰਬਾਨੀ ਕਰ ਦਿੱਤੀ।
ਸੈਂਕੜੇ ਦੇਸ਼ਭਗਤ ਕਾਲੇ ਪਾਣੀ ਦੇ ਕੁੰਭੀ-ਨਰਕ ਵਿੱਚ ਉਮਰਾਂ ਲਈ ਸੁੱਟੇ ਗਏ।
ਗ਼ਦਰ ਪਾਰਟੀ ਨੂੰ ਪੂਰਨ ਕਾਮਯਾਬੀ ਤੇ ਨਾ ਹੋਈ
ਪਰ ਏਸ ਪਾਰਟੀ ਨੇ ਗੁਲਾਮੀ ਦੇ ਅਸਰ ਨਾਲ ਨਿਢਾਲ ਹੋਈ ਹਿੰਦੀ ਜਨਤਾ ਦੇ
ਖ਼ੂਨ ਵਿੱਚ ਆਜ਼ਾਦੀ ਦੀ ਨਵੀਂ ਰੂਹ ਫੂਕ ਦਿੱਤੀ।
ਜਿਸ ਦਾ ਸਿੱਟਾ ਅੱਜ ਸਾਡੇ ਸਾਹਮਣੇ ਹੈ —
ਤਾਰੀਖ ਵਿੱਚ ਵਰਤਮਾਨ ਅਤੇ ਆਉਣ ਵਾਲੀਆਂ ਨਸਲਾਂ ਲਈ
ਆਜ਼ਾਦੀ ਦੇ ਇੱਕ ਹੋਰ ਕਾਂਡ ਦਾ ਵਾਧਾ ਕਰ ਦਿੱਤਾ ਹੈ।

***ਹੇਠ ਲਿਖੇ ਨਾਅਰੇ ਪਾਰਟੀ ਦੇ ਨਿਯਮਾਂ ਅਤੇ ਅਮਲਾਂ ਵਿੱਚੋਂ ਹਨ:—***

1. ਏਕਤਾ ਦਾ ਫ਼ਲ ……. ਸ਼ਕਤੀ ਤੇ ਸਵਤੰਤਰਤਾ (ਆਜ਼ਾਦੀ)
2. ਅਨੇਕਤਾ ਦਾ ਸਿੱਟਾ ……. ਦੁਰਬਲਤਾ ਤੇ ਪਰਤੰਤਰਤਾ (ਗੁਲਾਮੀ)
3. ਏਕਤਾ ਦਾ ਮੂਲ ……. ਸਮਾਜਵਾਦ
4. ਅਨੇਕਤਾ ਦਾ ਮੂਲ ……. ਸਾਮਰਾਜਵਾਦ

***ਨੌਜਵਾਨੋ! ਉਠੋ!***

ਯੁੱਗ ਪਲਟ ਰਿਹਾ ਹੈ

**ਆਪਣੇ ਕਰਤੱਵ ਨੂੰ ਪੂਰਾ ਕਰੋ**

ਹਰ ਪ੍ਰਕਾਰ ਦੀ ਦਾਸਤਾ ਕੀ ਆਰਥਿਕ, ਕੀ ਰਾਜਨੀਤਕ ਤੇ ਕੀ ਸਮਾਜਕ,

**ਜੜ੍ਹ ਤੋਂ ਉਖਾੜ ਸੁੱਟੋ।**

ਮਨੁੱਖਤਾ ਹੀ ਸੱਚਾ ਧਰਮ ਹੈ।

*ਜੈ ਜਨਤਾ!*

**ਸੋਹਨ ਸਿੰਘ ਭਕਨਾ (ਬਾਬਾ)**

ਕੁਝ ਕੁ ਦਿਨਾਂ ਮਗਰੋਂ ਜਦੋਂ ਅਜ਼ੀਜ਼ ਜਗਮੋਹਨ ਉਥੇ ਗਏ ਤਾਂ ਵਾਪਸੀ ਤੇ ਉਹਨਾਂ ਦੱਸਿਆ ਕਿ ਬਾਬਾ ਜੀ ਤੁਹਾਨੂੰ "ਯਾਦ ਕਰਦੇ ਸੀ" ਤੇ ਮੈਂ ਬਗ਼ਰ ਢਿਲ ਦੇ ਪਹਿਲੇ ਸ਼ਨੀਚਰਵਾਰ ਜਾ ਹਾਜ਼ਰੀ ਭਰੀ। ਚਾਹ-ਪਾਣੀ 'ਤਂ ਵਿਹਲੇ ਹੋਏ ਤਾਂ ਬਾਬਾ ਜੀ ਆਪ ਤਾਂ ਬਿਰਾਜ ਗਏ ਮੰਜੇ 'ਤੇ ਮੈਨੂੰ ਸਾਹਮਣੇ ਬਿਠਾ ਲਿਆ ਕੁਰਸ਼ੀ 'ਤੇ ਸਜੇ ਹੱਥ ਦੀ ਅੰਗੂਠੇ ਨਾਲ ਦੀ ਉਂਗਲੀ ਉਘਰਦਿਆਂ ਤੇ ਮੇਰੀਆਂ ਅੱਖਾਂ 'ਚ ਮੇਰੀ ਅੰਤਰ ਆਤਮਾ ਨੂੰ ਟੂੰਬਦ ਹਏ ਬੋਲੇ, "ਵੇਖੋ, ਅੱਜ ਤਂ ਤੁਸੀਂ ਮੇਰੇ

ਪ੍ਰੋਫੈਸਰ ਤੇ ਮੈਂ ਤੁਹਾਡਾ ਨੌਜਵਾਨ ਸਾਗਿਰਦ। ਮੈਂ ਜੋ ਲਿਖਤ ਪੜ੍ਹ ਕੇ ਸੁਨਾਉਣ ਲੱਗਾ, ਉਸ ਨੂੰ ਹੂ-ਬ-ਹੂ ਇਸ ਤਰ੍ਹਾਂ ਈ ਸੁਨਿਉਂ ਜਿਵੇਂ ਮੈਂ ਤੁਹਾਡਾ ਨੌਜਵਾਨ ਸਾਗਿਰਦ ਹੋਵਾਂ!" ਮੈਂ ਮੁਸ਼ਕਲ ਨਾਲ ਸੰਭਲਦਿਆਂ ਆਪਣੀ ਲਤ ਤੇ ਚੂੰਢੀ ਵਢਣ ਨੂੰ ਫਿਰਾਂ ਕਿ ਸਚਮੁਚ ਮੈਂ ਉਸ ਮਹਾਨ ਜਿੰਦਾ ਸ਼ਹੀਦ ਦੇ ਸਨਮੁੱਖ ਬੈਠਾ ਹਾਂ.... ਖ਼ੈਰ ਮੈਂ ਉਸ ਪੈਂਫ਼ਲਿਟ ਦਾ ਖਰੜਾ ਸੰਭਾਲਿਆ ਤੇ ਪੜ੍ਹਨਾ ਸ਼ੁਰੂ ਕਰਨੋ ਪਹਿਲਾਂ ਬਾਬੇ ਨੇ ਜ਼ੁਰ ਦੇ ਕੇ ਕਿਹਾ, "ਮੇਰਾ ਅਹਿਦ ਹੈ ਕਿ ਕੁਝ ਵੀ ਛਾਪਣੋ ਪਹਿਲਾਂ ਕਿਸੇ ਆਜ਼ਾਦ ਵਿਅਕਤੀ ਦੀ ਰਾਏ ਸਰਪਰ ਲੈ ਲਵਾਂ ਕਿ ਵਾਕਈ ਇਹ ਕੁਝ ਛਾਪਣਾ ਚਾਹੀਦੈ ਤੇ ਇਸੇ ਰੂਪ 'ਚ ਹੀ, ਤੇ ਇਹ ਦੋਵੇਂ ਸ਼ਰਤਾਂ ਪੂਰੀਆਂ ਹੋਣ ਤੇ ਹੀ ਇਹਨੂੰ ਛਾਪਣੈ, ਅਖੀਰ ਤਕ ਮੁਕਾਕੇ ਹੀ ਸਾਹ ਲਿਆ। ਵੈਸੇ ਸਫ਼ਿਆਂ ਦੇ ਹਿਸਾਬ ਨਾਲ ਇਹ ਕਿਤਾਬਚਾ ਹੀ ਸੀ।

ਮੈਂ ਉਥੋਂ ਮੁੜਨੋਂ ਪਹਿਲਾਂ ਤਾਂ (ਸਭਾਵਿਕ ਤੌਰ 'ਤੇ) ਪੰਜਾਬੀ ਵਿੱਚ ਹੀ ਤਰਜਮਾ ਕੀਤਾ ਤੇ ਜਾ ਹਾਜ਼ਰੀ ਭਰੀ। ਬਾਬਾ ਜੀ ਨੇ ਆਪਣਾ ਖਰੜਾ ਮੂਹਰੇ ਰੱਖਦਿਆਂ ਮੇਰਾ ਤਰਜਮਾ ਸੁਣਿਆ ਤਾਂ ਮੈਨੂੰ ਬੇਬਹਾ ਖੁਸ਼ੀ ਹੋਈ ਕਿ ਸਿਵਾਏ ਛੁਟ-ਪੁਟ ਉਕਾਈਆਂ ਦੇ ਮੇਰਾ ਉਲਥਾ ਪਾਸ ਹੋ ਗਿਆ (ਸਮਝੋ ਪੱਪੂ ਪਾਸ ਹੋ ਗਿਆ)।

ਕੁਝ ਕੁ ਦਿਨਾਂ ਮਗਰੋਂ ਅਸੀਂ ਦੋਵੇਂ ਮੀਆਂ-ਬੀਵੀ ਇਕੱਠੇ ਭਕਨੇ ਗਏ ਤਾਂ ਉਹਨਾਂ ਨੂੰ ਬਹੁਤ ਖੁਸ਼ੀ ਹੋਈ, ਕਿਉਂਕਿ ਉਹਨਾਂ ਦਾ ਮੰਨਣਾ ਸੀ ਕਿ ਜਿਥੇ ਮੀਆਂ ਬੀਵੀ (ਕਾਮਰੇਡ ਵਿਮਲਾ - ਡਾਂਗ ਵਾਂਗ) ਇਕੱਠੇ ਮੈਦਾਨ 'ਚ ਆਉਣ ਤਾਂ ਉਹਦੀ ਕੋਈ ਰੀਸ ਨਹੀਂ।

ਜ਼ਿਕਰਯੋਗ ਹੈ ਕਿ ਮੈਂ ਛੇਤੀ ਹੀ ਮਨ ਬਨਾ ਲਿਆ ਕਿ ਨੌਕਰੀ ਛੱਡ ਕੇ ਇਧਰ ਹੀ ਜੁਟ ਜਾਵਾਂ, ਪਰ ਬਾਬਾ ਜੀ ਨੇ ਰੋਕ ਦਿੱਤਾ ਤੇ ਕਿਹਾ ਕਿ ਸਾਡੇ ਵੇਲੇ ਹੋਰ ਸਨ, ਹੁਣ ਉਹ ਨਹੀਂ ਸਭ ਤੋਂ ਪਹਿਲਾਂ (1) ਬਤੌਰ ਟੀਚਰ ਦੇ ਆਪਣੇ ਫ਼ਰਜ਼ ਨਾਲ ਨਿਆਂ ਕਰੋ, (2) ਆਪਣੇ ਘਰ ਪਰਿਵਾਰ ਦਾ ਪੂਰਾ ਖ਼ਿਆਲ ਰੱਖੋ, (3) ਆਪਣੀ ਸਿਹਤ ਵਲੋਂ ਚੁਸਤ-ਦਰੁਸਤ ਰਹੋ ਅਤੇ (4) ਇਹ ਕੁਝ ਕਰਦਿਆਂ ਹੋਇਆਂ ਜੋ ਵੀ ਬਣੇ-ਸਰੇ ਓਹਦੇ 'ਚ ਕੋਤਾਹੀ ਨਾ ਕਰੋ, ਪਰ ਕਿਸੇ ਹਾਲਤ 'ਚ ਲੋਕਾਂ ਦੇ **ਗਾਈਡ** ਨਹੀਂ ਬਣਨਾ ਤੇ ਤੁਸੀਂ ਸਿਰਫ ਇਹੋ ਵਿਰਸਾ ਹੀ ਉਹਨਾਂ ਮੂਹਰੇ ਰੱਖਣ ਅਗੋਂ ਉਹਨਾਂ ਕੀ ਕਰਨੈ (ਜਾ ਨਹੀਂ) ਇਹ ਕੁਝ ਉਹਨਾਂ ਤੇ ਛੱਡ ਦਿਓ, ਤੇ ਕਿਸੇ ਹਾਲਤ ਵਿਚ ਵੀ "ਚੌਧਰ" ਤੋਂ ਬਚੇ ਰਹਿਣਾ ਤਾਂ ਫਿਰ ਲੰਮੇ ਤੌਰ ਤੇ ਤੁਹਾਡਾ ਕੰਮ ਚੜ੍ਹਦੀਆਂ ਤੋਂ ਚੜ੍ਹਦੀਆਂ ਕਲਾ 'ਚ ਜਾਏਗਾ।

**ਬਾਬਾ ਜੀ ਦੇ ਜੀਵਨ 'ਤੇ ਇੱਕ ਝਾਤ**


| | | |
|---|---|---|
| 1896 | : | ਨਾਮਧਾਰੀ ਲਹਿਰ ਨਾਲ ਜੁੜੇ |
| 1909 | : | ਅਮਰੀਕਾ ਗਏ : ਚੱਲੇ (3-2-1909 ਨੂੰ), ਪਹੁੰਚੇ (4-4-1909 ਨੂੰ) |
| 1913 | : | ਗ਼ਦਰ ਪਾਰਟੀ ਦੇ ਪ੍ਰਧਾਨ ਬਣੇ : ਮਾਰਚ 1913 ਕੰਮਕਾਰ ਛੱਡ ਕੇ ਯੁਗਾਂਤਰ ਆਸ਼ਰਮ-ਅਪ੍ਰੈਲ |
| 1914 | : | ਦੇਸ਼ ਲਈ ਵਾਪਸੀ 21-7-1914 ਦੇਸ਼ ਪਹੁੰਚ ਤੇ ਗਰਿਫ਼ਤਾਰੀ 13 ਅਕਤੂਬਰ 1914 |
| 1915 | : | ਮੁਲਤਾਨ ਜੇਲ੍ਹ ਫਰਵਰੀ 1915 ਤੱਕ |
| | | ਲਾਹੌਰ : ਜੇਲ੍ਹ ਮੁਕੱਦਮਾ ਸ਼ੁਰੂ ਹੋਇਆ 27-4-1915 |
| | | ਫੈਸਲਾ : ਫਾਂਸੀ ਦੀ ਸਜ਼ਾ ਪਾਈ 13-9-1915 |
| | | ਸਰਾਭੇ, ਪਿੰਗਲੇ ਤੇ ਸਾਥੀਆਂ ਦੀ ਸ਼ਹੀਦੀ 16-11-1915 |
| | | ਅੰਡੇਮਾਨ (ਕਾਲਾ ਪਾਣੀ) ਪਹੁੰਚੇ : 10-12-1915 |
| 1921 | : | ਅੰਡੇਮਾਨ ਤੋਂ ਵਾਪਸੀ |
| 1921-23 | : | ਕੋਇੰਬਟਰ (ਮਦਰਾਸ) ਜੇਲ੍ਹ |
| 1923-27 | : | ਯਰਵਦਾ (ਪੂਨਾ) ਜੇਲ੍ਹ |
| 1927-30 | : | ਲਾਹੌਰ ਜੇਲ੍ਹ (ਰਿਹਾਈ ਤੱਕ) - ਜੁਲਾਈ 1930 |

1938 : ਕਿਸਾਨ ਮੋਰਚਾ (ਇੱਕ ਸਾਲ ਕੈਦ-ਸ਼ਾਹਪੁਰ ਜੇਲ੍ਹ)

1939 : ਕਿਸਾਨ ਮੋਰਚਾ (ਇੱਕ ਸਾਲ ਕੈਦ ਰਾਵਲਪਿੰਡੀ ਜੇਲ੍ਹ)

1948 : ਯੋਲ ਕੈਂਪ ਨਜ਼ਰਬੰਦੀ

**ਲਿਖਨ ਦਾ ਕਾਰਨ**



ਮੈਨੂੰ ਜ਼ਿੰਦਗੀ ਭਰ ਜਓਣ ਲਈ ਜਹੜਾ ਸੰਗਰਾਮ ਕਰਨਾ ਪਿਆ ਹੈ ਉਸ ਨੂੰ ਲਿਖਣ ਲਈ ਮੇਰੇ ਦੋਸਤਾਂ ਅਤੇ ਦੇਸ਼ ਹਤੇਸ਼ੀਆਂ ਨੇ ਬਾਰ-2 ਪ੍ਰੇਰਿਆ। ਇਸ ਲਈ ਮੈਨੂੰ ਆਪਣੇ ਮਿੱਤਰ-ਸਾਥੀਆਂ ਦੇ ਹੁਕਮ ਦੀ ਪਾਲਣਾ ਕਰਨੀ ਪਈ, ਨਹੀਂ ਤਾਂ ਮੇਰੇ ਵਰਗੇ ਗੁਮਨਾਮ ਆਦਮੀ ਲਈ ਆਪਣਾ ਜੀਵਨ ਲਿਖਣਾ ਕਦੇ ਵੀ ਸ਼ੋਭਾ ਨਹੀਂ ਦੇਂਦਾ।

**ਸੋਹਨ ਸਿੰਘ ਭਕਨਾ (ਬਾਬਾ)**

ਬੱਕਲਮ ਖ਼ੁਦ

25 ਜੂਨ 1967

ਤਤਕਰਾ

ਜੀਵਨ ਸੰਗਰਾਮ ਕੀ ਹੈ ?

1. ਜਨਮ ਤੇ ਬਚਪਨਾ
2. ਬਾਬਾ ਕੇਸਰ (ਕੇਸਰ ਸਿੰਘ) ਦੀ ਸੰਗਤ
3. ਇਮਤਿਹਾਨ
4. ਰੋਟੀ ਦੀ ਭਾਲ ਵਿੱਚ ਅਮਰੀਕਾ ਨੂੰ
5. ਲੱਕੜੀ ਦੇ ਕਾਰਖ਼ਾਨੇ ਵਿੱਚ ਕੰਮ

6. ਅਮਰੀਕਾ ਵਿੱਚ ਵਿਦੇਸ਼ੀ ਮਜ਼ਦੂਰਾਂ ਤੇ ਹਮਲੇ
7. ਹਿੰਦੀ ਐਸੋਸੀਏਸ਼ਨ ਦਾ ਮੈਂਬਰ ਬਣਨਾ
8. "ਗ਼ਦਰ" ਅਖ਼ਬਾਰ
9. ਕਾਮਾਗਾਟਾ ਮਾਰੂ ਦਾ ਵੈਨਕੋਵਰ (ਕੈਨੇਡਾ) ਨੂੰ ਜਾਣਾ
10. ਗ੍ਰਿਫ਼ਤਾਰੀ
11. ਜ਼ੇਲ੍ਹ ਸੰਗਰਾਮ
12. ਮੁਕੱਦਮਾ ਲਾਹੌਰ ਸਾਜ਼ਸ਼ ਕੇਸ (ਪਹਿਲਾ)
13. ਅੰਡੇਮਾਨ ਸੈਲੂਅਲਰ ਜੇਲ੍ਹ ਵਿੱਚ
14. ਹਿੰਦੁਸਤਾਨ ਨੂੰ ਰਾਜਸੀ ਕੈਦੀਆਂ ਦੀ ਵਾਪਸੀ
15. ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ
16. ਰਿਹਾਈ
17. ਪਿੰਡ ਵਾਪਸੀ ਅਤੇ ਜ਼ਮੀਨ ਦਾ ਕਲੇਸ਼
18. ਕਿਰਤੀ ਕਿਸਾਨ ਆਸ਼ਰਮ
19. ਜਲ੍ਹਿਆਂ ਵਾਲੇ ਬਾਗ ਵਿੱਚ ਮਰਨ ਵਰਤ
20. ਕਿਸਾਨ ਲਹਿਰਾਂ ਵਿੱਚ ਕੰਮ
21. ਦੇਵਲੀ ਕੈਂਪ ਅਤੇ ਉਸਦੇ ਲਾਭ
22. 15 ਅਗਸਤ 1947
23. ਕੌਮੀ ਹਕੂਮਤ ਦੀ ਦੇਣ
24. ਦੇਸ਼ ਭਗਤ ਯਾਦਗਾਰ ਹਾਲ
25. ਦਰਦਿ-ਦਿਲ

**ਭੂਮਿਕਾ**

**ਪਹਿਲਾ ਸੰਸਕਰਣ**

ਅਸਲੀ "ਜੀਵਨ ਸੰਗਰਾਮ" ਸ਼ੁਰੂ ਕਰਨ ਤੋਂ ਪਹਿਲਾਂ ਮੈਂ ਪਾਠਕਾਂ ਅੱਗੇ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਉਹ ਇਹ ਕਿ ਹਰ ਘਟਨਾ ਚਾਹੇ ਆਪਣੀ ਹੈ ਜਾਂ ਕਿਸੇ ਦੋਸਤ ਦੀ, ਈਮਾਨਦਾਰੀ ਮੰਗ ਕਰਦੀ ਹੈ ਕਿ ਕਮਜ਼ੋਰੀਆਂ ਅਤੇ ਚੰਗਿਆਈਆਂ ਜਿਉਂ ਦੀਆਂ ਤਿਉਂ ਲੋਕਾਂ ਸਾਹਮਣੇ ਰੱਖ ਦਿੱਤੀਆਂ ਜਾਣ ਤਾਂ ਕਿ ਲੋਕ ਅਸਲੀਅਤ ਨੂੰ ਸਮਝ ਕੇ ਧੋਖਾ ਨਾ ਖਾਣ।

ਜੇ ਅਸੀਂ ਆਪਣੇ ਆਜ਼ਾਦ ਦਿਮਾਗ ਨਾਲ ਆਪਣੇ ਅੰਤਕਰਨ ਦੀਆਂ ਤੈਹਾਂ ਫ਼ਰੋਲੀਏ ਤਾਂ ਸਾਨੂੰ ਪਤਾ ਲੱਗੇਗਾ ਕਿ ਮਨੁੱਖ ਗ਼ਲਤੀਆਂ ਅਤੇ ਦਰੁਸਤੀਆਂ ਦਾ ਸੰਗ੍ਰਹਿ ਹੈ। ਕੋਈ ਮਨੁੱਖ ਇਹ ਦਾਅਵਾ ਨਹੀਂ ਕਰ ਸਕਦਾ ਕਿ ਉਹ ਮਾਂ ਦੇ ਪੇਟ ਵਿੱਚੋਂ ਹੀ **ਮਹਾਤਮਾ** ਬਣ ਕੇ ਪੈਦਾ ਹੋਇਆ ਸੀ। ਮਨੁੱਖ ਦਾ ਜੀਵਨ ਹਾਲਾਤ ਦੇ ਸੰਚੇ ਵਿੱਚ ਢਲਦਾ ਰਹਿੰਦਾ ਹੈ। ਆਲ਼ੇ-ਦੁਆਲ਼ੇ ਦੇ ਹਾਲਾਤ ਅਤੇ ਸਮਾਜ ਉਸ ਉੱਤੇ ਆਪਣਾ ਅਸਰ ਜਾਂ ਪ੍ਰਭਾਵ ਪਾਉਂਦੇ ਹਨ। ਇਹਨਾਂ ਤੋਂ ਬਚਣਾ ਅਸੰਭਵ ਹੈ। ਇਸ ਲਈ ਇਸ "ਜੀਵਨ ਸੰਗਰਾਮ" ਵਿੱਚ ਜੋ ਕੁਝ ਵੀ ਮੈਂ ਲਿਖ ਰਿਹਾ ਹਾਂ, ਉਸਦੇ ਪਿੱਛੇ ਜੋ-ਜੋ ਕਾਰਨ ਵਿਖਾਏ ਜਾਣਗੇ, ਉਹਨਾਂ ਨੂੰ ਪਹਿਲਾਂ ਸਮਝ ਲੈਣਾ ਵਧੇਰੇ ਜ਼ਰੂਰੀ ਹੈ ਤਾਂ ਕਿ ਗੱਲ ਦਾ ਰਾਹ ਸਾਫ਼ ਹੋ ਸਕੇ।

**ਸੋਹਣ ਸਿੰਘ ਭਕਨਾ (ਬਾਬਾ)**

25 ਜੂਨ 1967 ਬਕੱਲਮ ਖ਼ੁਦ

**ਦੂਸਰਾ ਸੰਸਕਰਣ**

ਜੀਵਨ ਸੰਗਰਾਮ ਪੜ੍ਹ ਕੇ ਕੁਝ ਨੌਜਵਾਨਾਂ ਨੇ ਇਹ ਮਹਿਸੂਸ ਕੀਤਾ ਹੈ ਕਿ ਮੈਨੂੰ 1930 ਦੀ ਰਿਹਾਈ ਪਿੱਛੋਂ ਦੇ ਹਾਲਾਤ ਬਾਰੇ ਕੁਝ ਹੋਰ ਵਿਸਥਾਰ ਨਾਲ ਦੱਸਣਾ ਚਾਹੀਦਾ ਹੈ ਕਿ ਰਿਹਾਈ ਤੋਂ ਬਾਅਦ ਮੇਰਾ ਮੂੰਹ ਕਿਧਰ ਰਿਹਾ। ਇਸ ਮੰਗ ਨੂੰ ਮੁੱਖ ਰੱਖਦਿਆਂ ਹੋਇਆਂ "ਜੀਵਨ ਸੰਗਰਾਮ" ਦੇ ਕੁਝ ਹੋਰ ਪੱਖ ਇਸ ਵਿੱਚ ਸ਼ਾਮਲ ਕਰ ਦਿੱਤੇ ਹਨ।

**ਸੋਹਣ ਸਿੰਘ ਭਕਨਾ (ਬਾਬਾ)**

27 ਫਰਵਰੀ 1968 ਬਕੱਲਮ ਖ਼ੁਦ

**ਰਚਨਾ "ਜੀਵਨ ਸੰਗਰਾਮ" ਦੀ**

ਮੈਂ ਜਦੋਂ ਬਾਬਾ ਜੀ ਪਾਸੋਂ ਉਹਨਾਂ ਦੇ ਜੀਵਨ ਦੀਆਂ ਇਨਕਲਾਬੀ ਸਰਗਰਮੀਆਂ ਬਾਰ ਸੁਣਿਆ ਤਾਂ ਇਹ ਕਹਿਣੋਂ ਨਾ ਰਹਿ ਸਕਿਆ ਕਿ ਇਹ ਸਭ ਕੁਝ ਤਾਂ ਲੋਕਾਈ ਨੂੰ ਤੇ ਖਾਸ ਕਰਕੇ ਨੌਜਵਾਨਾਂ ਨੂੰ ਦੱਸਣਾ ਚਾਹੀਦੈ, ਤਾਂ ਉਹਨਾਂ ਦਾ ਟਕਸਾਲੀ ਜੁਆਬ ਸੀ, "ਮੇਰੀ ਧਾਰਨਾ ਹੈ ਕਿ ਜਿੰਨਾ ਚਿਰ ਕੋਈ ਇਨਸਾਨ ਜ਼ਿਦਾ ਹੈ ਉਨੀ ਦੇਰ ਨਾ ਤਾਂ ਉਹਦਾ ਜਨਮ ਦਿਨ ਜਾਂ ਹੋਰ ਉਤਸਵ ਮਨਾਓਣਾ ਚਾਹੀਦੈ, ਕਿਉਂਜੋ ਕੀ ਪਤੈ ਉਹ ਮਰਨੋਂ ਪਹਿਲਾਂ ਕੋਈ ਅਜੇਹੀ ਹਰਕਤ ਕਰੇ ਕਿ ਲੋਕੀ ਵਾਹੋ ਦਾਹੀ ਆਖਣ 'ਲੌ ਇਹਨੇ ਕੀ ਕਰਤੂਤ ਕਰ ਵਿਖਾਈ ਏ!'" ਮੈਂ ਸੁਣਕੇ ਕਿਹਾ ਬਾਬਾ ਜੀ ਜੇ ਇਹੀ ਗੱਲ ਹੈ ਤਾਂ ਤੁਸੀਂ ਵੀ ਮੌਲਾਨਾ ਆਜ਼ਾਦ ਵਾਂਗ ਲਿਖ ਦੇਣਾ ਕਿ ਇਹ ਮੇਰੀ ਮੌਤ ਤੋਂ ਪਿੱਛੇ ਹੀ ਛਾਪੀ ਜਾਏ।" ਬਾਬਾ ਜੀ ਨੂੰ ਹੋਰ ਕੋਈ ਦਲੀਲ ਨਾ ਅਹੁੜੀ ਤੇ ਕਹਿਣ ਲੱਗੇ, "ਖ਼ੈਰ ਮੈਂ ਹੋਰ ਸੋਚ ਲਵਾ।" ਅਖੀਰ ਜਦੋਂ ਖਰੜਾ ਮੁਕਮਲ ਹੋ ਗਿਆ ਤਾਂ ਕਹਿਣ ਲਗੇ, "ਇਹਨੂੰ ਇਸੇ ਤਰ੍ਹਾਂ ਹੀ ਪਈ ਰਹਿਣ ਦਿਉਂ।" ਕੁਝ ਕੁ ਅਰਸੇ ਪਿਛੋਂ ਕਹਿਣ ਲਗੇ ਕਿ ਛਾਪ ਦਿਓਂ। ਮੈਂ ਹੈਰਾਨਗੀ ਨਾਲ ਪੁਛਿਆ, "ਇੰਜ ਕਿਉਂ?" ਤਾਂ ਕਹਿਣ ਲਗੇ, "ਇਕ ਤਾਂ ਇਹ ਕਿ ਕੋਈ ਮੇਰੇ ਵਾਂਗ ਵਿਗੜਿਆ ਹੋਇਆ ਨੌਜਵਾਨ ਸ਼ੈਦ ਸੋਚ ਲਵੇ ਕਿ ਜੇ ਸੋਹਨ ਸਿੰਘ ਦਸ ਸਾਲ (16-26 ਸਾਲ) ਅਯਾਸ਼ੀ ਕਰਕੇ ਸੁਧਰ ਸਕਦਾ ਹੈ ਤਾਂ ਹੋ ਸਕਦੈ ਮੈਂ ਵੀ ਸੁਧਰ ਜਾਵਾਂ ਤੇ ਦੂਜੇ ਥਾਈਂ ਜੋ ਕੁਝ ਮੈਂ ਲਿਖਿਆ ਓਹ ਸਾਡੇ ਆਜ਼ਾਦੀ ਸੰਗਰਾਮ ਦਾ ਹਿਸਾ ਹੈ। ਕਲ੍ਹ ਨੂੰ ਕੋਈ ਇਹ ਨਾ ਕਹਿ ਕਿ "ਬੁਢਾ ਗਪ ਮਾਰ ਗਿਐ, ਤਾਂ ਮੈਂ ਖ਼ੁਦ ਉਹਦਾ ਜਵਾਬ ਦੇ ਸਕਾਂ।"

ਸਚਮੁਚ ਹੋਇਆ ਵੀ ਇੰਜ ਹੀ! (ਵੇਰਵੇ ਕੁਝ ਅੱਗੇ ਚਲ ਕੇ)।

ਪਰ, ਨਿਵੇਕਲੀ ਗੱਲ ਇਸ ਪ੍ਰਸੰਗ 'ਚ ਬਾਬਾ ਜੀ ਦਾ ਉਸ ਨੌਜਵਾਨ ਦੀਆਂ ਛਪੀਆਂ ਹੋਈਆਂ ਟਿੱਪਣੀਆਂ ਦਾ ਪ੍ਰਤੀਕਰਮ ਸੀ, "ਮੈਨੂੰ ਤੁਹਾਡੀ ਟਿੱਪਣੀ ਪੜ੍ਹ ਕੇ ਖ਼ੁਸ਼ੀ ਵੀ ਹੋਈ ਹੈ ਤੇ ਅਫ਼ਸੋਸ ਵੀ। ਖ਼ੁਸ਼ੀ ਇਸ ਗੱਲ ਦੀ ਕਿ ਅਜੋਕਾ ਨੌਜਵਾਨ ਕਿਸੇ ਵੀ ਗੱਲ ਨੂੰ ਅੱਖਾਂ ਮੀਟ ਕੇ ਨਹੀਂ ਮੰਨ ਲੈਂਦਾ, ਤੇ ਦੁਖ ਇਸ ਗੱਲ ਦਾ ਨਹੀਂ ਕਿ ਮੇਰੀ ਰਚਨਾ ਦੀ ਨੁਕਤਾ-ਚੀਨੀ ਹੋਈ ਹੈ, ਬੇਸ਼ਕ ਜੇ ਮੈਨੂੰ ਲਿਖਣ ਦਾ ਹੱਕ ਹੈ ਤਾਂ ਨੁਕਤਾਚੀਨੀ ਵਾਲੇ ਨੂੰ ਵੀ ਬਰਾਬਰ ਦਾ ਹੱਕ ਹਾਸਲ ਹੈ, ਪਰ ਦੁਖ ਸਿਰਫ਼ ਇਸ ਗੱਲ ਦਾ ਹੈ ਕਿ ਛਾਪਣੋ ਪਹਿਲਾਂ ਉਸ ਨੌਜਵਾਨ ਨੂੰ ਮੈਥੋਂ ਪੁਛਣਾ ਚਾਹੀਦਾ ਸੀ ਕਿ ਮੈਂ ਅਜੇਹਾ ਕਿਉਂ ਕੀਤੈ? ਜੇ ਮੇਰੇ ਜਵਾਬ ਤੋਂ ਉਹ ਸੰਤੁਸ਼ਟ ਨਾ ਹੁੰਦਾ ਤਾਂ ਉਹ ਬੇਸ਼ਕ ਛਾਪ ਦੇਂਦਾ।"

"ਇਥੇ ਇਹ ਦੱਸਣਾ ਜਰੂਰੀ ਹੈ ਕਿ ਉਹਨੇ ਯੁਵਕ ਕੈਦੀਆਂ ਤੇ ਦੋਸ਼ ਲਾਇਆ ਕਿ ਉਹਨਾਂ ਨੇ ਨਿਰੋਲ ਇਕ ਵਿਗੜੇ ਨੌਜਵਾਨ ਨੂੰ ਨਾਮਧਾਰੀ ਬਾਬਾ ਕੇਸਰ ਨੇ 'ਸੁਧ' ਕਰ ਦਿਤਾ ਜਿਨ੍ਹੇ ਫਿਰ ਪਿਛੋਂ ਜਾਕੇ ਗਦਰ ਪਾਰਟੀ ਬਣਾਈ ਜਿਸਦਾ ਜ਼ਿਕਰ ਸਿਰਫ਼ ਵਿਖਾਵੇ ਮਾਤਰ ਕੀਤਾ ਗਿਐ। ਉਹਦਾ ਭਾਵ ਸੀ ਕਿ ਗ਼ਦਰ ਪਾਰਟੀ ਦੇ ਚਾਰ-ਪੰਜ ਸਾਲਾਂ ਦੇ ਟਾਕਰੇ ਬਾਬ ਨੇ ਕਮਿਉਨਿਸਟ ਲਹਿਰ 'ਚ ਐਨਾ ਪੈਂਡਾ ਤੈਅ ਕੀਤਾ ਹੈ ਉਹਨੂੰ ਅਖੋਂ ਪਰੋਖੇ ਲਾ ਦਿਤਾ ਗਿਐ।"

"ਗੱਲ ਅਸਲ 'ਚ ਇਹ ਸੀ ਕਿ ਪਿਛਲੇਰੇ ਦੌਰ ਵੇਲੇ ਦੇ ਕਈ ਸਾਥੀ ਅਜੇ ਜੀਵਤ ਸਨ ਜੋ ਉਹਦੇ ਨਾਲ ਨਿਆਂ ਕਰ ਸਕਦੇ ਸੀ, ਜਿਥੇ ਕਿ ਮੂਲ ਗਦਰ ਲਹਿਰ ਬਾਰੇ ਲਿਖਣ ਲਈ ਕੋਈ ਵਿਰਲਾ ਹੀ ਉਪਲਬਦ ਸੀ।"

"ਜਦੋਂ ਕਿ ਮੇਰੀ ਹਰ ਰਚਨਾ ਦਾ ਮੂਲ ਖਰੜਾ ਮੇਰੇ ਹੱਥ ਹੁੰਦਾ ਸੀ, ਤੇ ਨੌਜਵਾਨ ਆਪਣਾ ਅਨੁਵਾਦ ਪੜ੍ਹਦਾ ਜਾਂਦਾ ਤੇ ਮੈਂ ਨੀਝ ਨਾਲ ਵਾਚਦਾ ਰਹਿੰਦਾ ਤਾਕਿ ਰੱਤੀ ਜਿੰਨੀ ਉਕਾਈ ਵੀ ਨਾ ਰਹੇ, ਇਸ ਤੋਂ ਪਿਛੇ ਹੀ ਉਹਨੂੰ ਛਾਪਿਆ ਜਾਂਦਾ ਸੀ।"

-----

"ਦੁਖ" ਦੇ ਪਿਛੋਂ ਬਾਬਾ ਜੀ ਨੇ ਲਿਖਿਆ "ਜੀਵਨ ਕਰਤਵ"। ਦਰਅਸਲ ਉਹਨਾਂ ਇਹਦਾ ਸਿਰਲੇਖ ਦਿੱਤਾ ਸੀ 'ਧਰਮ' ਪਰ ਮੈਂ ਜਦੋਂ ਤਰਜਮਾ ਕਰ ਰਿਹਾ ਸਾਂ, ਮੈਨੂੰ ਜਾਪਿਆ ਕਿ ਲਫ਼ਜ਼ "ਧਰਮ" ਦੇ ਕਈ ਰੂਪ ਹਨ, ਜੋ ਪਾਠਕਾਂ ਨੂੰ

ਘੁਮਣ ਘੇਰੀ 'ਚ ਪਾ ਦੇਣਗੇ, ਸੋ ਮੈਂ ਆਪਣੇ ਆਪ ਜੀ ਇਹਦਾ ਸਿਰਲੇਖ 'ਜੀਵਨ ਕਰਤਵ' ਥਾਪ ਕੇ ਛਪਵਾ ਦਿੱਤਾ ਅਤੇ ਮੈਨੂੰ ਹਾਰਦਿਕ ਸੰਤੁਸ਼ਟੀ ਹੋਈ ਜਦੋਂ ਬਾਬਾ ਜੀ ਨੇ ਕਿਹਾ ਕਿ "ਤੁਸੀਂ ਬਿਲਕੁਲ ਠੀਕ ਹੀ ਕੀਤਾ ਹੈ।"

**ਮੇਰਾ ਜਰਨੈਲ ਸ਼ਹੀਦ ਕਰਤਾਰ ਸਿੰਘ ਸਰਾਭਾ** : ਕੁਝ ਕੁ ਚਿਰ ਪਿਛੋਂ 16 ਨਵੰਬਰ 1967 ਨੂੰ ਬਾਬਾ ਜੀ ਨੇ ਆਪਣੇ ਨੌਜਵਾਨ 'ਜਰਨੈਲ' ਨੂੰ ਯਾਦ ਕਰਦਿਆ ਇਹ ਪੈਂਫਲਿਟ, ਛਪਵਾਇਆ ਸੀ। ਬਾਬਾ ਜੀ ਦੇ ਸਰੀਰ ਦੇ ਰੋਮ ਰੋਮ 'ਚ ਸਰਾਭਾ ਵਸਿਆ ਹੋਇਆ ਸੀ। ਸ਼ੈਦ ਹੀ ਕਦੇ ਬਾਬਾ ਜੀ ਉਹਦੀ ਬਰਸੀ ਤੇ ਐਨਾ ਪੰਧ ਕਰਕੇ ਉਹਦੇ ਪਿੰਡ ਨਾ ਪਹੁੰਚੇ ਹੋਣ ਤੇ ਅਖੀਰ 16 ਨਵੰਬਰ 1968 ਨੂੰ ਲੁਧਿਆਣਾ ਸ਼ਹਿਰ 'ਚ ਉਹਦਾ ਬਰਸੀ ਸਮਾਗਮ ਹੀ ਉਹਨਾਂ ਲਈ ਘਾਤਕ ਹੋ ਨਿਬੜਿਆ। ਹੋਇਆ ਇੰਜ ਉਸ ਦਿਨ ਲੁਧਿਆਣੇ ਦੇ ਗਿੱਲ ਰੋਡ ਲੇਬਰ ਚੌਕ ਤੇ ਸਮਾਗਮ ਵਿਢਿਆ, ਜਿਥੇ ਲਗਭਗ ਸਾਰੇ ਜੀਵਤ ਬਾਬੇ, ਰਾਜਾ ਮਹਿੰਦਰ ਪਰਤਾਪ, ਕਾਮਰੇਡ ਤੇਜਾ ਸਿੰਘ, ਸਵਤੰਤਰ ਵਰਗੀਆਂ ਪ੍ਰਸਿੱਧ ਹਸਤੀਆਂ ਹਾਜ਼ਰ ਸਨ, ਪਰ ਸਰੋਤੇ ਟਾਂਵੇ-ਟਾਂਵੇ ਹੀ। ਬਾਬਾ ਜੀ ਨੇ ਪੈਂਦਿਆ ਸਾਰ ਹੀ ਕਿਹਾ, "ਕੀ ਅਸੀਂ (ਮੈਂ) ਇਹੋ ਦਿਨ ਵੇਖਣ ਲਈ ਹੀ ਬਚਿਆ ਰਿਹਾ — ਮੇਰਾ ਜਰਨੈਲ ਕਰਤਾਰ ਤੇ ਇਹ ਹਾਜ਼ਰੀ! ਉਹਨਾਂ ਦਾ ਇਸ਼ਾਰਾ ਕਮਿਊਨਿਸਟ ਲਹਿਰ ਦੇ ਪਾਟੋ ਪਾੜ ਵੱਲ ਸੀ।

ਉਸ ਰਾਤ ਬਾਬਾ ਜੀ, ਨਾਲ਼ ਬਾਬਾ ਹਰੀ ਸਿੰਘ ਉਸਮਾਨ ਅਤੇ ਬਾਬਾ ਮੁਨਸ਼ੀ ਸਿੰਘ 'ਦੁਖੀ' ਵੀ ਮੇਰੇ ਕਾਲੇਜ ਵਾਲੇ ਮਕਾਨ 'ਚ ਹੀ ਠਹਿਰੇ ਸਨ। ਬਾਬਾ ਜੀ ਸਾਰੀ ਰਾਤ ਬੇਚੈਨ ਹੀ ਰਹੇ ਤੇ ਸਵੇਰੇ ਕਾਮਰੇਡ ਸਵਤੰਤਰ ਦੀ ਜੀਪ 'ਚ ਪਿੰਡ ਨੂੰ ਰਵਾਨਾ ਹੋ ਗਏ। ਫਿਰ ਕੁਝ ਹੀ ਦਿਨਾਂ ਮਗਰੋਂ ਅਖ਼ਬਾਰ 'ਚ ਖਬਰ ਆਈ ਕਿ ਬਾਬਾ ਜੀ ਨੂੰ ਨਮੂਨੀਆ ਹੋ ਗਿਐ। ਅਸੀਂ ਫੌਰਨ ਖ਼ਬਰ ਲੈਣ ਲਈ ਪਿੰਡ ਪਹੁੰਚੇ ਤਾਂ ਕੁਝ ਤਸੱਲੀ ਜਿਹੀ ਹੋਈ ਕਿ ਘਟੋ-ਘੱਟ ਉਹਨਾਂ ਦੀ ਜਾਨ ਨੂੰ ਕੋਈ ਖ਼ਤਰਾ ਨਹੀਂ, ਤੇ ਜਿਵੇਂ ਉਹਨਾਂ ਦਾ ਸੁਭਾਅ ਸੀ ਸਾਨੂੰ ਮੀਆਂ-ਬੀਵੀ ਨੂੰ ਕਿਹਾ, "ਬੀਬਾ ਤੁਸੀਂ ਕਿਉਂ ਖੇਚਲ ਕੀਤੀ ਏ, ਹੁਣ ਜਾਉ ਤੇ ਆਪਣੇ ਫਰਜ਼ ਨਿਭਾਉ।" ਫੇਰ ਮੈਂ ਆਪਣੀਆਂ ਨਵੰਬਰ-ਦਸੰਬਰ ਦੀਆਂ ਛੁੱਟੀਆਂ ਦੌਰਾਨ ਜਦੋਂ ਬਾਬਾ ਜੀ ਨਾਲ ਪਿੰਡ ਅਤੇ ਫਿਰ ਸਿਵਲ ਹਸਪਤਾਲ ਅੰਮ੍ਰਿਤਸਰ ਰਿਹਾ। ਜਿਹੜਾ ਵੀ ਉਹਨਾਂ ਦਾ 'ਹਾਲ ਚਾਲ' ਪੁਛੇ ਉਹ ਲੁਧਿਆਣ ਵਾਲੇ ਸਮਾਗਮ ਦਾ ਜ਼ਿਕਰ ਹੀ ਕਰਨ ਤੇ ਕਹਿਣ "ਅੰਤਰ ਰਾਸ਼ਟਰੀ ਕਮਿਊਨਿਸਟ ਲਹਿਰ ਦੀ ਫੁਟ ਨੇ ਸਾਮਰਾਜਵਾਦ ਦੀ ਉਮਰ ਲੰਮੀ ਕਰ ਦਿੱਤੀ ਏ ਤੇ ਕੌਮੀ ਲਹਿਰ ਦੀ ਫੁਟ ਨੇ ਦੇਸੀ ਸਰਮਾਏਦਾਰੀ ਦੀ... ਤੇ ਮੇਰੀ ਉਮਰ ਛੋਟੀ ਕਰ ਦਿੱਤੀ ਏ।"

ਖੁਸ਼ ਕਿਸਮਤੀ ਨਾਲ ਇਹ ਗੱਲਾਂ ਟੇਪ-ਰਿਕਾਰਡਡ ਵੀ ਹਨ, ਜੋ ਉਹਨਾਂ ਦੇ ਪਿੰਡ ਦੇ ਦੇਸ਼ ਭਗਤ ਮਿੱਤਰ ਸਰਦਾਰ ਸੂਰਤ ਸਿੰਘ ਜੀ ਦਾ ਸੀ।

ਇਕ ਦਿਨ ਹਸਪਤਾਲ 'ਚ ਮੈਂ ਉਹਨਾਂ ਨੂੰ ਦੁਧ ਪੀਣ ਲਈ ਕਿਹਾ ਤਾਂ ਕਹਿੰਦੇ ਨੇ "ਮੇਰੀ ਜਨਤਾ ਭੁਖੀ ਮਰ ਰਹੀ ਏ।" ਪਹਿਲਾਂ ਜਦੋਂ ਕਾਮਰੇਡ ਸਤਪਾਲ ਡਾਂਗ ਨੇ ਗਵਰਨਰ ਨੂੰ ਮਿਲ ਕੇ (ਉਦੋਂ ਪੰਜਾਬ'ਚ ਗਵਰਨਰੀ ਰਾਜ ਸੀ) ਉਨ੍ਹਾਂ ਨੂੰ ਸਪੈਸ਼ਲ ਵਾਰਡ 'ਚ ਸਿਫਟ ਕਰਨ ਲਈ ਕਿਹਾ ਤਾਂ ਕਹਿਣ ਲਗੇ, "ਮੈਂ ਕਿਸੇ ਕੀਮਤ ਤੇ ਵੀ ਆਪਣੇ 'ਜਨਤਕ ਵਾਰਡ' ਨੂੰ ਬੇ-ਦਾਵਾ ਦੇ ਕੇ ਨਹੀਂ ਜਾਣਾ।" ਇੱਕ ਦਿਨ ਦਵਾਈ ਲੈਣ ਲੱਗਿਆ ਨਾਹ-ਨੁਕਰ ਕਰਨ ਲੱਗੇ ਤਾਂ ਮੈਨੂ ਸੁਝਿਆ ਤੇ ਕਿਹਾ, "ਬਾਬਾ ਜੀ ਤੁਸੀਂ ਇਥੇ ਮਰੀਜ਼ ਹੋ ਤੇ ਮਰੀਜ਼ ਦਾ ਕਰਤਵ ਹੈ ਦਵਾਈ ਲੈਣਾ।" ਉਹਨੀ ਦਿਨੀਂ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਵੀ ਜਦੋਂ ਕਿਧਰੋਂ ਹਵਾਈ ਅਡੇ ਤੋਂ ਸਿਧੇ ਬਾਬਾ ਜੀ ਦੀ ਖ਼ਬਰ ਲੈਣ ਲਈ ਆਏ (ਉਹ ਪਹਿਲਾ ਭਕਨੇ ਵੀ ਖਬਰ ਲੈਣ ਆਏ ਸੀ) ਤਾਂ ਇਤਫਾਕ ਨਾਲ ਉਹ ਵੇਲਾ ਮੁਲਾਕਾਤੀਆਂ (ਵਿਜਿਟਰਸ) ਲਈ ਖੁਲ੍ਹਾ ਨਹੀਂ ਸੀ। ਤਦਅਨੁਸਾਰ ਉਹਨਾਂ ਨੂੰ ਅੰਦਰ ਆਉਣੋਂ ਮਨ੍ਹਾ ਕਰ ਰਹੇ ਸੀ, ਸਬੱਬ ਨਾਲ ਮੈਨੂੰ ਪਤਾ ਲੱਗਾ ਤੇ ਮੈਂ ਜਾਕੇ ਹਸਪਤਾਲ ਦੇ ਕਰਮਚਾਰੀਆਂ ਦੇ ਕੰਨਾਂ ਵਿੱਚ ਕਿਹਾ ਕਿ ਐਡੀ ਮਹਾਨ ਸ਼ਖਸੀਅਤ ਨੂੰ ਮਨ੍ਹਾ ਕਰਨਾ ਵਾਜਬ ਨਹੀਂ ਤਾਂ ਉਹਨਾਂ ਨੂੰ ਅੰਦਰ ਆਉਣ ਦਿੱਤਾ ਗਿਆ। ਜਦੋਂ ਮੈਂ ਉਹਨਾਂ ਨੂੰ ਵਿਦਾ ਕਰਨ ਲਈ ਗਿਆ ਤਾਂ ਉਹਨਾਂ ਫਰਮਾਇਆ, "ਪਹਿਲਾਂ ਤਾਂ ਸਾਡੀ ਅਰਦਾਸ ਹੈ ਕਿ ਬਾਬਾ ਜੀ ਸਿਹਤਯਾਬ ਹੋ ਜਾਣ, ਨਹੀਂ ਤਾਂ ਇਹਨਾਂ ਦੇ ਅੰਤਮ ਸਵਾਸ਼ ਇਹਨਾਂ ਦੇ ਆਸ਼ਰਮ 'ਚ ਹੀ ਗੁਜਰਨ... " ਤੇ ਵਾਕਈ ਉਹ ਸੌ ਫੀਸਦੀ ਠੀਕ ਸਨ। ਮੈਨੂੰ ਯਾਦ ਆਇਆ ਕਿ ਜਦੋਂ ਬਾਬਾ ਜੀ ਦੀ ਕੰਨੀ ਉਹਨਾਂ ਨੂੰ ਹਸਪਤਾਲ ਲੈ ਜਾਣ ਦੀ ਭਿਣਕ ਪਈ ਤਾਂ ਕਹਿਦੇ ਨੇ "ਇਹ ਕੀ ਡਰਾਮਾ ਰਚਿਆ ਜਾ ਰਿਹੈ!" ਉਂਜ ਮੈਨੂੰ ਜਾਪ ਰਿਹਾ ਸੀ ਕਿ ਬਾਬਾ ਜੀ "ਚਲੇ ਜਾਣ ਦੀ ਰੌਂ 'ਚ ਨੇ।" ਬਾਬਾ ਜੀ ਨੇ ਮੈਨੂੰ ਦੋ-ਤਿੰਨ ਵਾਰੀ ਕਿਹਾ ਕਿ ਜਾਉ ਆਪਣੀ ਕਾਲੇਜ ਦੀ ਡਿਊਟੀ ਕਰੋ। ਮੈਂ ਮੁਸ਼ਕਲ ਨਾਲ ਉਹਨਾਂ ਨੂੰ ਮਨਾਉਣ 'ਚ ਸਫ਼ਲ ਹੋਇਆ ਕਿ ਵਾਕਈ ਅੱਜ-ਕਲ ਕਾਲੇਜ ਬੰਦ ਹੈ। ਇੱਕ

ਦਿਨ ਆਸ਼ਰਮ 'ਚ ਭਾਵੁਕ ਹੋਕੇ ਕਹਿਣ ਲੱਗੇ, "ਤੁਸੀਂ ਮੇਰੀ ਬੜੇ ਪਿਆਰ ਨਾਲ ਸੇਵਾ ਕਰ ਰਹੇ ਓ।" ਮੇਰਾ ਮੋੜਵਾ ਜਵਾਬ ਸੀ, "ਜੇ ਤੁਸੀਂ ਮੇਰੀ ਥਾਂ ਤੇ ਹੁੰਦੇ ਤੇ ਮੈਂ ਤੁਹਾਡੀ 'ਚ ਤਾਂ ਫਿਰ ਕਹਿੰਦੇ।" "ਭਾਈ ਮਨੁਖਤਾ ਤਾਂ ਇਹ ਹੀ ਕਹਿੰਦੀ ਏ।" ਕਈ ਅਹਿਮ ਮੁੱਦਿਆਂ ਬਾਰੇ ਉਹਨਾਂ ਦੀ ਸੋਚ ਬੜੀ ਪਰਤੱਖ ਸੀ ਜਿਵੇਂ ਉਹ ਕਹਿੰਦੇ ਸੀ ਕਿ ਸੱਚੀ ਸਚੀ ਸਿਆਸਤ 'ਚ ਦੌਲਤ ਜਾ ਤਾਂ ਸਕਦੀ ਏ, ਆ ਨਹੀਂ ਸਕਦੀ ਤੇ ਕਿਸੇ ਆਗੂ ਦੀ ਸਹੀ ਕਸਵਈ ਇਹੋ ਈ ਏ ਕਿ ਸਿਆਸਤ 'ਚ ਆਉਣ ਵੇਲੇ ਉਹਦੀ ਮਾਲੀ ਹੈਸੀਅਤ ਕੀ ਸੀ, ਤੇ ਹੁਣ ਕੀ ਏ? ਇਸੇ ਤਰ੍ਹਾਂ ਹੀ ਜਦੋਂ ਅਸੀਂ ਉਹਨਾਂ ਨੂੰ ਮਿਲੇ ਤਾਂ ਉਹਨਾਂ ਦੇ ਪੈਰ ਛੂਹੇ, ਪਰ ਜਦੋਂ ਤੁਰਨ ਲੱਗਿਆ ਉਹਨਾਂ ਦੇ ਪੈਰਾਂ ਵੱਲ਼ੇ ਅਹੁੜੇ ਤਾਂ ਕਹਿਣ ਲੱਗੇ, "ਨਾ ਭਾਈ ਹੁਣ ਅਸੀਂ ਸਾਥੀ ਆਂ।"

-----

**ਪੈਂਫ਼ਲਿਟਸ**:

***ਇਨਕਲਾਬੀ ਲਹਿਰ* — 'ਦੁੱਖ'** ਤੋਂ ਕੁਝ ਕੁ ਚਿਰ ਮਗਰੋਂ ਉਹਨਾਂ ਨੇ ਸੰਖੇਪ ਜਿਹਾ ਪੈਂਫ਼ਲਿਟ ਪੰਜਾਬ ਦੇ ਪ੍ਰਸੰਗ ਵਿੱਚ ਲਿਖਿਆ, ਜੋ ਵਿਰਸੇ ਨਾਲ ਪਛਾਣ ਕਰਾਉਣ ਤੁਲ ਸੀ।

**"ਭਾਰਤ ਵਿੱਚ ਇਸਤਰੀ ਜਾਤੀ" —** ਇਸ ਰਚਨਾ 'ਚ ਬਾਬਾ ਜੀ ਦਾ "ਮਾਤਾਵਾਂ ਦੀ ਸਰਦਾਰੀ" ਦਾ ਵਿਆਖਿਆਨ ਸੀ, ਉਹਨਾਂ ਦਾ ਮਤ ਸੀ ਕਿ ਮਨੁੱਖ ਮਾਤਰ ਦਾ ਕਲਿਆਣ ਮਾਤਾ ਦੀ ਸਰਦਾਰੀ ਨਾਲ ਹੀ ਸੰਭਵ ਹੋ ਸਕੇਗਾ।

**"ਗਰੀਬੀ" —** ਇਹ ਪੈਂਫ਼ਲਿਟ ਉਹਨਾਂ ਮੇਰੀ ਫਰਮਾਇਸ਼ ਤੇ ਲਿਖਿਆ ਸੀ, ਜਦ ਮੈਂ ਉਹਨਾਂ ਨੂੰ ਕਿਹਾ ਕਿ ਬਾਬਾ ਜੀ ਤੁਹਾਡੀਆਂ ਹੁਣ ਤਕ ਦੀਆਂ ਸਾਰੀਆਂ ਲਿਖਤਾਂ ਕੇਵਲ ਪੜ੍ਹੇ-ਲਿਖੇ ਵਰਗ ਲਈ ਨੇ ਤੇ ਘੱਟੋ-ਘੱਟ ਇੱਕ ਤਾਂ ਸਾਧਾਰਨ ਜਨਤਾ ਲਈ ਲਿਖੋ ਤਾਂ ਉਹ ਮੰਨ ਗਏ ਤੇ ਵਾਕਈ ਉਹ ਜਨ-ਸਾਧਾਰਨ ਨੂੰ ਹੀ ਸੰਬੋਧਤ ਸੀ ਤੇ ਪ੍ਰੇਰਣਾ ਮਈ ਵੀ।

**"ਪ੍ਰਾਕਿਰਤੀ ਤੇ ਆਤਮਵਾਦ"** — ਭਾਵ ਮਾਦਾ ਪਰਸਤੀ ਤੇ ਰਬ ਪਰਸਤੀ ਦੁਆਬਾ ਬਾਬਾ ਜੀ ਨੇ ਇਕ ਸਚੀ ਮਿਸਾਲ ਦੇਕੇ ਦਰਸਾਇਆ ਹੈ ਕਿ ਸਚੇ ਆਸਤਕ ਤੇ ਸੱਚੇ ਨਾਸਤਕ ਦੋਹਾਂ ਦਾ ਮਕਸਦ ਮਨੁੱਖ ਮਾਤਰ ਦੀ ਨਿਸਕਾਮ ਸੇਵਾ ਕਰਨਾ ਹੀ ਹੈ।

**"ਨੌਜਵਾਨਾ ਨਾਲ ਸਵਾਲ-ਜਵਾਬ"** — ਇਸ ਵਿੱਚ ਜੋ ਨੌਜਵਾਨ ਉਹਨਾਂ ਨਾਲ ਵਾਦ-ਸੰਵਾਦ ਕਰਦੇ ਰਹੇ ਹਨ, ਉਹਨਾਂ ਦਾ ਸੰਗਰਹਿ ਹੈ ਹੋਰਨਾ ਲਿਖਤਾਂ ਵਾਂਗ ਉਹਨਾਂ ਦੀ ਕਲਮੀ ਰਚਨਾ ਨਹੀਂ।

**ਪ੍ਰੋਫੈਸਰ ਪ੍ਰੇਮ ਸਿੰਘ ਬਜਾਜ ਹੋਰਾਂ ਦਾ ਲੰਮਾ ਇੰਟਰਵਿਊਂ**: ਏਸ ਸਿਲਸਿਲੇ 'ਚ ਇਹ ਮਾਅਰਕੇ ਦੀ ਰਚਨਾ ਹੈ ਜਿਸ ਦੀ ਬਾਬਾ ਜੀ ਨੇ ਲਫ਼ਜ਼-ਬਲਫ਼ਜ਼ ਪਰੋੜਤਾ ਕੀਤੀ ਹੋਈ ਹੈ।

**"ਕੁਝ ਹੋਰ"**

ਬਾਬਾ ਜੀ ਦਾ ਜੱਦੀ ਪਿੰਡ ਭਕਨਾ (ਕਲਾਂ) ਨਹੀਂ ਸੀ ਬਲਕਿ ਮੀਕ ਹਟਵਾਂ ਮੌਲੂਵਾਲ ਸੀ। ਭਕਨਾ ਪਿੰਡ ਸੰਧੂ ਗੋਤ ਦਾ ਸੀ (ਬਾਬਾ ਗੁਜਰ ਸੰਧੂ ਸਨ) ਜਦ ਕਿ ਬਾਬਾ ਭਕਨਾ ਦੀ ਗੋਤ "ਸ਼ੇਰ-ਗਿੱਲ" ਸੀ।

ਬਾਬਾ ਜੀ ਦੀ ਜ਼ਮੀਨ ਭਕਨੇ ਨਾਲ ਲਗਦੀ ਸੀ, ਤੇ ਇਸ ਲਈ ਕਿ ਤਿੰਨਾਂ-ਚਹੁੰ ਪੁਸ਼ਤਾਂ ਤੋਂ ਖਾਨਦਾਨ ਦਾ ਇਕੋ-ਇਕ ਵਾਰਸ਼ ਚਲਿਆ ਆ ਰਿਹਾ ਸੀ, ਸ਼ਰੀਕਾਂ ਦੀ ਖਹਿਬਾਜ਼ੀ ਤੋਂ ਬਚਣ ਲਈ ਪਰਿਵਾਰ ਨੇ ਭਕਨੇ ਰਿਹਾਇਸ਼ ਇਖ਼ਤਿਆਰ ਕਰ ਲਈ ਹੋਈ ਸੀ। ਮੈਨੂੰ ਇਸ ਬਾਰੇ ਉਦੋਂ ਪਤਾ ਚਲਿਆ ਜਦੋਂ ਉਹਨਾਂ ਦੀ ਬਿਮਾਰੀ ਦੌਰਾਨ ਇਹ ਉਹਨਾਂ ਦੀ ਖ਼ਬਰ-ਸੁਰਤ ਲੈਣ ਆਉਣ ਲਗ ਪਏ ਤੇ ਪਤਾ ਲੱਗਾ ਕਿ ਇਹਨਾਂ ਦਾ ਮੁੱਖ ਧੰਦਾ ਤਸਕਰੀ ਸੀ ਜੀਹਨੂੰ ਲੋਕ ਭਾਸ਼ਾ 'ਚ 'ਬਲੈਕੀਏ' ਕਿਹਾ ਜਾਂਦਾ ਸੀ। ਪਰ ਬਾਬਾ ਜੀ ਦਾ ਉਹ ਬਹੁਤ ਸਤਿਕਾਰ ਕਰਦੇ ਸੀ, ਭਾਵੇਂ ਬਾਬਾ ਜੀ ਦੇ ਚਲਾਣੇ ਪਿਛੋਂ ਬਾਬਾ ਜੀ ਦੀ ਥਾਂ-ਟਿਕਾਣੇ ਦਾ ਖੁਰਾ-ਖੋਜ ਮਿਟਾ ਦਿੱਤਾ।

**ਬਾਬਾ ਜੀ ਦੀ ਸੁਰਖਿਆ ਛਤਰੀ —** ਭਾਵੇਂ ਕਿ ਬਾਬਾ ਜੀ ਨਾਲ ਕਿਸੇ ਦਾ ਨਿਜੀ ਵੈਰ ਨਹੀਂ ਸੀ, ਪਰ ਡੰਗਰਾਂ ਦੀ ਚੋਰੀ ਆਮ ਸੀ, ਤੇ ਬਾਬਾ ਜੀ ਕੋਲ ਹਮੇਸ਼ਾ ਲਵੇਰੀ ਮਝ ਹੁੰਦੀ ਸੀ, ਜੀਦੀ "ਹਵਾ ਵੱਲ ਵੀ ਕਿਸੇ ਕਦੀ ਨਹੀਂ ਸੀ ਵੇਖਿਆ।

**ਬਾਬਾ ਜੀ ਦੀ ਕੁਟੀਆ —** ਬਾਬਾ ਜੀ ਇਕ ਵਾਰੀ ਟਾਂਗੇ ਦੇ ਬੈਠ ਕੇ ਅੰਮ੍ਰਿਤਸਰ ਮਕਾਨ ਬਨਾਉਣ ਲਈ ਸਾਮਾਨ ਲੈਣ ਜਾ ਰਹੇ ਸਨ ਤਾਂ ਰਾਹ ਵਿੱਚ ਝੁਗੀਆਂ ਦਿਸ ਪਈਆਂ ਤੇ ਬਾਬਾ ਜੀ ਪਰਤ ਆਏ ਤੇ ਉਸ ਤਰ੍ਹਾਂ ਦੀ ਝੁਗੀ ਬਨਾਕੇ

ਰਹਿਣ ਦਾ ਚਾਰਾ ਕੀਤਾ ਪਰ ਉਹ ਪਹਿਲੀ ਹਨੇਰੀ 'ਚ ਹੀ ਉਡ ਗਈ ਕਿਉਂਕਿ ਝੁਗੀਆਂ ਵਾਲਿਆਂ ਨੂੰ ਆਪਣੀ ਹੋਂਦ ਬਚਾਉਣ ਦੇ ਢੰਗ ਤਰੀਕੇ ਵੀ ਆਉਂਦੇ ਸਨ। ਸੱਤ ਕੁ ਫੁਟੀ ਇੱਕ ਇੱਟਾਂ ਦੀ ਚਾਰ-ਦੀਵਾਰੀ ਉਸਾਰ ਕੇ ਕਾਨੇ, ਚੀਕਨੋ ਮਿੱਟੀ ਦੇ ਲੇਪ ਦਾ ਛੱਤ ਬਣਵਾ ਲਿਆ।

**ਰੋਟੀ-ਪਾਣੀ ਦਾ ਜੁਗਾੜ —** ਬਾਬਾ ਜੀ ਦੀ ਸੁਪਤਨੀ ਦੇ ਸਦੀਵੀਂ ਵਿਛੋੜੇ ਪਿਛੋਂ ਬੀਬੀ ਗੁਰਮੇਜ ਕੌਰ ਜੀਹਦੇ ਉਹ ਮਾਸੜ ਲਗਦੇ ਸਨ, ਤੇ ਜੀਹਦਾ ਘਰਵਾਲਾ ਜਰਨੈਲ ਸਿੰਘ (ਭਕਨਾ ਕਲਾਂ ਵਾਸੀ) ਕਿਸੇ ਨਿੱਜੀ ਕਤਲ ਵਜੋਂ ਉਮਰ ਕੈਦੀ ਸੀ, ਬਾਬਾ ਜੀ ਦੀ ਟਹਿਲ ਸੇਵਾ ਕਰਦੇ ਸੀ। ਮੈਨੂੰ ਅਜੇ ਤੱਕ ਯਾਦ ਹੈ ਕਿ ਉਹਨਾਂ ਦੇ ਦੋ ਹਾਈ ਸਕੂਲ ਪੜ੍ਹਦੇ ਬੇਟਿਆਂ 'ਚੋਂ ਕਿਸੇ ਇੱਕ ਨੇ ਬਾਬਾ ਜੀ ਜਿਵੇਂ ਪਿੰਡ ਦੁਕਾਨ ਤੋਂ ਆਹਾਰ ਲੈਣ ਲਈ ਭੇਜਣਾ ਤ ਦੋ-ਚਾਰ ਆਨੇ ਫਾਲਤੂ ਖਰਚਣ ਲਈ ਵੀ ਦੇ ਦੇਣ। ਖਾਣ ਪੀਣ ਦੇ ਮਾਮਲੇ 'ਚ ਬਾਬਾ ਜੀ ਸਾਧਾਰਨ ਖੁਰਾਕ ਖਾਂਦੇ ਸਨ, ਸਿਵਾਏ ਮੀਟ-ਆਂਡੇ ਦੇ। ਜਦੋਂ ਕਦੇ ਮੈਂ ਘਰੋ ਕੋਈ ਮਿੱਠੀ ਚੀਜ਼ ਜਿਵੇਂ ਪਿੰਨੀ ਲਿਜਾਣ ਤੇ ਉਹਨਾਂ ਕਦੇ ਨਾਂਹ ਨਹੀਂ ਸੀ ਕੀਤੀ, ਪਰ ਰਤਾ ਕੁ ਜਿੰਨੀ ਲੈ ਕੇ ਕਹਿਣਾ "ਬਾਕੀ ਤੁਸੀਂ ਆਪ ਖਾ ਲਵੋ। ਵੈਸੇ ਰਹਿੰਦੀ ਉਮਰ ਤੱਕ ਬਾਬਾ ਜੀ ਨੇ ਕਦੇ ਬਦਹਜ਼ਮੀ ਵਗੈਰਾ ਦੀ ਸ਼ਿਕਾਇਤ ਨਹੀਂ ਸੀ ਹੋਈ, ਜੇ ਕਦੇ ਥੋੜੀ ਬਹੁਤ ਕਬਜ਼ ਹੋ ਜਾਏ ਤਾਂ ਉਹ ਇੱਛਾਸ਼ਕਤੀ ਨਾਲ ਦੂਰ ਕਰ ਲੈਂਦੇ । ਮੈਂ ਕਦੇ ਵੀ ਉਹਨਾਂ ਨੂੰ ਰਾਤੀ ਖੰਘਦਿਆਂ ਨਹੀਂ ਸੀ ਸੁਣਿਆ। ਅਲਬੱਤਾ ਇੱਕ ਵਾਰੀ ਜਦੋਂ ਨਾਮਧਾਰੀਆਂ ਉਹਨਾਂ ਨੂੰ ਖਾਲਸ ਗੋਕਾ ਘਿਉ ਦਿੱਤਾ, ਉਹਦੀ ਉਹਨਾਂ ਪੰਜੀਰੀ ਬਣਵਾ ਲਈ ਤੇ ਸੁਆਦ-ਸੁਆਦ 'ਚ ਕੁਝ ਵਧੇਰੇ ਖਾ ਲੈਣ ਪਿਛੋਂ ਬਦਹਜ਼ਮੀ ਦੀ ਸ਼ਿਕਾਇਤ ਹੋਈ ਤਾਂ ਮੇਰੀ ਘਰਵਾਲੀ ਕੋਲ ਝਰਕ ਲੱਗੇ "ਪੁੱਤਰ ਮੈਂ ਜਵਾਨੀ ਦੀ ਜੋਰ ਵਿੱਚ ਜ਼ਿਆਦਾ ਖਾਂ ਬੈਠਾ ਸਾਂ, ਜੋ ਹੁਣ ਮੈਨੂੰ ਪਰੇਸ਼ਾਨ ਕਰ ਰਹੀ ਏ।

ਬਾਬਾ ਜੀ ਦੇ ਗੁਜਰਣ ਤੋਂ ਕੁਝ ਕੁ ਚਿਰ ਪਹਿਲਾਂ ਜਦੋਂ ਬੀਬੀ ਗੁਰਮੇਜ ਦਾ ਘਰਵਾਲਾ ਜੇਲ੍ਹ 'ਚੋ ਰਿਹਾਅ ਹੋਣ ਵਾਲਾ ਸੀ ਤਾਂ ਉਹਨਾਂ ਨੇ ਉਹਨੂੰ ਬਦੋ-ਬਦੀ ਆਪਣੇ ਘਰ ਚਲੇ ਜਾਣ ਨੂੰ ਕਿਹਾ ਕਿ ਜੋ ਉਹ ਕਈ ਵਰ੍ਹਿਆਂ ਪਿਛੋਂ ਆਕੇ ਘਰ ਨੂੰ ਜੰਦਰਾ ਵਜਾ ਹੋਇਆ ਨਾ ਵੇਖ ਲਵੇ....। ਪਰ ਬੀਬੀ ਲਗਦੀ ਵਾਹੇ ਉਹਨਾਂ ਦੀ ਟਹਿਲ ਸੇਵਾ ਤੋਂ ਅਵੇਸਲੀ ਨਹੀਂ ਸੀ ਹੋਈ। ਦੂਜੇ ਹੱਥ ਬਾਬਾ ਕੇਸਰ ਦੀ ਪੋਤਰੀ ਬੀਬੀ ਪ੍ਰਸਿੰਨੀ ਨੇ ਬਾਬਾ ਜੀ ਕੋਲ ਰਹਿਣ ਲਈ ਇਹ ਸ਼ਰਤ ਰੱਖੀ ਕਿ ਕੁਝ ਜ਼ਮੀਨ ਉਹਦੇ ਬੇਟੇ ਦੇ ਨਾਂ ਤੇ ਕਰਾਹੀ ਜਾਏ, ਜੋ ਬਾਬਾ ਜੀ ਨੂੰ ਨਾ-ਵਾਜਬ ਲੱਗੀ ਤਾਂ ਉਹਨਾਂ ਫਿਰ ਬਾਬਾ ਜੀ ਦੀ ਅਖੀਰਲੀ ਬੀਮਾਰੀ ਤੀਕ ਕਦੇ ਸ਼ਕਲ ਨਹੀਂ ਸੀ ਦਿਖਾਈ। ਮੈਨੂੰ ਵੀ ਇਸ ਦਾ ਪਤਾ ਉਹਨੀਂ ਦਿਨੀਂ ਹੀ ਲੱਗਾ ਸੀ।

**ਅੰਤਰ ਰਾਸ਼ਟਰੀ ਕਮਿਉਨਿਸਟ ਲਹਿਰ ਦੀ ਪਾਟੋ ਧਾੜ —** 1967 ਦੌਰਾਨ ਜਲੰਧਰ ਦੇਸਭਗਤ ਹਾਲ 'ਚ ਹੋਏ ਗਦਰੀਆਂ ਦੇ ਇਕੱਠ ਵੇਲੇ ਚੀਨ ਬਨਾਮ ਰੂਸ ਦੇ ਮੁੱਦੇ ਤੇ ਤੂੰ ਤੂੰ - ਮੈਂ ਮੈਂ ਹੁੰਦੀ ਵੇਖ ਕੇ ਬਾਬਾ ਜੀ ਜਦੋਂ ਮਿਲੇ ਤੇ ਮਖੌਲੀਆ ਅੰਦਾਜ 'ਚ ਕਹਿਣ ਲੱਗੇ, "ਲੌਂ ਦਸੋ ਭਲਾ ਕੀ ਇਹਨਾਂ ਨੂੰ ਉਹਨਾਂ ਮਨਸਫ (ਜੱਜ) ਥਾਪਿਆ ਹੋਇਐ?"

ਖੱਬੀ-ਤੇ ਸੱਜੀ ਪਾਰਟੀ ਵਾਲਿਆਂ ਨੇ ਉਹਨਾਂ ਦੀ ਵੇਲ-ਕੁਵੇਲ ਹਮਾਇਤ ਜੁਟਾਉਣ ਲਈ ਆਉਣਾ ਤੇ ਉਹਨਾਂ ਕਹਿਣਾ "ਭਾਈ ਜੇ ਤੁਸੀਂ ਇਕੱਠੇ ਆਉ ਤਾਂ ਅਜੇ ਵੀ ਮੈਂ ਤੁਹਾਡੇ ਨਾਲ ਹਾਂ, ਪਰ ਇਸ ਤਰ੍ਹਾਂ ਨਹੀਂ।"

ਇਕ ਵਾਰੀ ਭਾਵੇਂ ਮੈਂ ਹਾਸੇ 'ਚ ਕਿਹਾ ਕਿ ਬਾਬਾ ਜੀ ਮੇਰੇ ਵੱਡੇ-ਵਡੇਰੇ ਤਾਂ ਫੌਜਾਂ 'ਚ ਅੰਗਰੇਜਾਂ ਪਿਛੇ ਗੋਲੀਆਂ ਖਾਂਦੇ ਰਹੇ ਨੇ (ਮੇਰੇ ਪਿਤਾ ਜੀ ਸੂਬੇਦਾਰ ਮੇਜਰ ਭਾਗ ਸਿੰਘ ਕਬਾਇਲੀ ਇਲਾਕੇ 'ਚ ਤਾਇਨਾਤੀ ਦੌਰਾਨ ਗੋਲੀ ਲੱਗਣ ਨਾਲ ਵਾਲ-ਵਾਲ ਹੀ ਬਚੇ ਸਨ ਤੇ ਮੈਂ ਉਹਨਾਂ ਦੇ ਸੱਜੇ ਮੋਢੇ ਦੇ ਉਪਰ ਵਾਰ ਛੋਟਾ ਤੇ ਪਿੱਠ ਦੀ ਰੀੜ ਦੇ ਨਾਲ ਚੀਰੇ ਦਾ ਨਿਸ਼ਾਨ ਵੇਖਿਆ ਕਰਦਾ ਸਾਂ), ਤਾਂ ਬਾਬਾ ਜੀ ਜਵਾਬ ਸੀ, "ਭਾਈ ਦੇਸ਼ ਭਗਤਾਂ ਦੇ ਬੱਚੇ ਘੱਟ ਵੱਧ ਈ ਦੇਸ਼ ਭਗਤ ਹੁੰਦੇ ਨੇ...।"

**ਮਾਰਚ 1968**— ਜਦਾਂ ਬਾਬਾ ਜੀ ਲੁਧਿਆਣੇ 23 ਮਾਰਚ 1968 ਨੂੰ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੇ ਸ਼ਹੀਦੀ ਦਿਹਾੜੇ ਲਈ ਆਏ ਤਾਂ ਉਹ ਸਾਡੇ ਸ਼ਹਿਰ ਸਿਵਲ ਲਾਈਨਜ ਵਾਲੇ ਮਕਾਨ 'ਚ ਠਹਿਰੇ ਹੋਏ ਸਨ, ਜਦ ਉਹ ਤੁਰਨ ਲੱਗੇ ਤਾਂ ਮੈਂ ਸਹਿਜ-ਸੁਭਾਅ ਨਾਲ ਕਿਹਾ, "ਵੇਖਿਓ ਬਾਬਾ ਜੀ ਕਿਤੇ ਤੁਹਾਡੀ ਸੋਟੀ ਤਿਲਕ ਨਾ ਜਾਏ", (ਕਿਉਂਕਿ ਵਾਕਈ ਉਹ ਫਰਸ਼ 90% ਸੀਮੇਂਟ ਵਾਲਾ ਹੋਣ ਕਰਕੇ ਤਿਲਕਵਾ ਸੀ), ਤਾਂ ਬਾਬਾ ਜੋ ਮਜਾਕੀਆ ਲਹਿਜੇ 'ਚ ਕਹਿੰਦੇ ਨੇ, "ਆਹੋ ਭਾਈ ਪ੍ਰੋਫੈਸਰਾਂ ਦਾ ਘਰ ਜੁ ਹੋਇਆ" ਤੇ ਮੇਰਾ ਮੋੜਵਾ ਜੁਆਬ ਸੀ, "ਮੈਂ ਤਾਂ ਕਿਰਾਏਦਾਰ ਹਾਂ, ਤੁਸੀਂ ਤਾਂ ਆਪਣੇ ਟਿਕਾਣੇ ਦੇ ਕਰਤਾ ਧਰਤਾ ਓ।" ਤਾਂ ਬਾਬਾ ਜੀ ਦਾ ਮੋੜਵਾ ਜਵਾਬ ਸੀ, "ਭਾਈ ਮੈਂ ਕਦੋਂ ਕਿਹਾ ਸੀ ਕਿ ਮੈਂ ਹਰਾਮ-ਖ਼ੋਰ ਨਹੀਂ...।"

(23 ਮਾਰਚ 1968 ਦਾ ਸ਼ਹੀਦੀ ਸਮਾਗਮ, ਲੁਧਿਆਣਾ ਦੇ ਰਾਮਗੜ੍ਹੀਆ ਸਕੂਲ ਦੀ ਗਰਾਂਉਡ— ਅਸਾਂ ਨੌਜਵਾਨਾਂ ਨੇ 23 ਮਾਰਚ ਨੂੰ ਲੁਧਿਆਣੇ ਸ਼ਹੀਦੀ ਸਮਾਗਤ ਵਿਢਿਆ, ਤੜਕਸਾਰ 'ਪਰਭਾਤ ਫੇਰੀ' ਵੀ ਕੱਢੀ ਤੇ ਆਸ ਕਰਦੇ ਸਾਂ ਕਿ ਬਾਬਾ ਜੋ ਨੂੰ ਸੁਣਨ ਲਈ ਲੋਕੀ ਹੁੰਮ ਹੁਮਾ ਕੇ ਪਹੁੰਚਣਗੇ, ਪਰ ਹੋਇਆ ਇਹਦੇ ਬਿਲਕੁਲ ਉਲਟ...।

ਉਸ ਦੇ ਕੁਝ ਕੁ ਚਿਰ ਪਿਛੋਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਵਿਦਿਆਰਥੀ ਆਗੂ ਉਹਨਾਂ ਨੂੰ ਸਦਾ ਪੱਤਰ ਦੇਣ ਲਈ ਗਏ ਤਾਂ ਉਹਨਾਂ ਨਾਹ-ਨੁਕਰ ਕਰਨੀ ਹੀ ਸੀ, ਪਰ ਉਹਨਾ ਦੇ ਬਾਬਾ ਜੀ ਨੂੰ ਭਰਪੂਰ ਹੁੰਗਾਰੇ ਦਾ ਭਰੋਸਾ ਦਿਵਾਕੇ ਮਨਾ ਹੀ ਲਿਆ ਤੇ ਬਾਬਾ ਜੀ ਆਏ ਵੀ ਤੇ ਵਾਕਈ ਉਹਨਾਂ ਨੂੰ ਨਕੋ ਨਕ ਭਰੇ ਹੋਏ ਹਾਲ (ਆਡੀਟੋਰੀਅਮ) 'ਚ ਭਰਪੂਰ ਹੁੰਗਾਰਾ ਮਿਲਿਆ ਵੀ।

ਉਥੇ ਸ਼ਹੀਦ ਭਗਤ ਸਿੰਘ ਜੀ ਦੇ ਮਾਤਾ ਜੀ ਨੂੰ ਵੱਖਰੇ ਤੌਰ ਤੇ ਬੀਬੀ ਅਮਰ ਕੌਰ ਸਮੇਤ ਲੈ ਕੇ ਆਏ ਸਨ, ਉਹ ਵੀ ਸੁਸੋਬਤ ਸਨ।

ਜਲਸੇ ਪਿਛੋਂ ਦੋਵੇਂ ਜਦੋਂ ਵਖੋਂ ਵਖਰੀਆਂ ਕਾਰਾਂ 'ਚ ਅੱਗੇ-ਪਿਛੇ ਸਾਡੇ ਘਰ ਆਏ ਤਾਂ ਬੇਬੇ ਜੀ ਪਹਿਲਾਂ ਪਹੁੰਚ ਗਏ ਤੇ ਬਾਬਾ ਜੀ ਦੇ ਆਉਣ ਤੇ ਖਲੋ ਕੇ ਉਹਨਾਂ ਦੇ ਗੋਡੀ ਹੱਥ ਲਾਉਣਾ ਚਾਹਿਆ ਤਾਂ ਅੱਗੋ ਬਾਬਾ ਜੀ ਉਹਨਾ ਦੇ ਗੋਡੀ ਹੱਥ ਲਾਉਣਾ ਚਾਹੁਣ — ਬਾਬਾ ਜੀ ਕਹਿਣ "ਤੁਸੀਂ ਭਗਤ ਸਿੰਘ ਦੀ ਮਾਤਾ ਵਜੋਂ ਵਧੇਰੇ ਮਹਾਨ ਓ।" ਅਗੋਂ ਬੇਬੇ ਜੀ ਕਹਿਣ, "ਨਹੀਂ ਸਗੋਂ ਤੁਸੀਂ ਭਗਤ ਸਿੰਘ ਦੇ ਬਾਬਾ ਜੀ ਵਜੋਂ ਵਡੇਰੇ ਸਤਿਕਾਰਯੋਗ ਹੋ। " ਪਤਾ ਨਹੀਂ ਉਹਨਾਂ 'ਚ ਕੇਹਦੀ ਗੱਲ 'ਚ ਜ਼ਿਆਦਾ 'ਵਜ਼ਨ' ਸੀ...।

**ਬਾਬਿਆਂ ਦੀ ਆਪਸੀ ਨੋਕ ਝੋਂਕ —** ਜਦੋਂ ਅਸਾਂ ਬਾਬਾ ਗੁਜਰ ਸਿੰਘ ਜੀ ਕੋਲ ਜਾਣਾ, ਤਾਂ ਉਹਨਾ ਪੁਛਣਾ "ਮਕਿਉਂ ਹੋ ਆਏ ਓ?" ਤੇ ਜਦੋਂ ਉਹਨਾਂ ਬਾਬਾ ਜੀ ਦੇ ਡੇਰੇ, ਕੁਝ ਕੁ ਦੂਰ ਬੈਠੇ ਸਾਨੂੰ ਆਪਣੇ ਹਜ਼ਾਰੀ ਬਾਗ ਜੇਲ੍ਹ ਤੇ ਪਿਛੋਂ ਖੂਨੀ ਮੁਕਾਬਲੇ ਦੀ ਵਿਥਿਆ ਸੁਣਾਕੇ ਹਟਣਾ ਤਾਂ ਵੱਡੇ ਬਾਬਾ ਜੀ ਨੇ ਪੁਛਣਾ, "ਇਹ ਚੋਰਾਂ-ਡਾਕੂਆਂ ਦੀ ਵਾਰਤ ਹੀ ਹੈ ਕਿ ਕਿਤੇ ਦੇਸ਼ਭਗਤੀ ਵੀ ਹੈ।" ਤਾਂ ਛੋਟੇ ਬਾਬੇ ਦਾ ਮੋੜਵਾ ਵਾਰ ਹੁੰਦਾ, "ਉਪਰੋ ਚਲ ਲਵੋ, ਜਦੋਂ ਪੈਣਾ ਤਵਾ ਮੁਧਾ ਮਾਰ ਦੇਣ (ਭਾਵ ਭੁਖ ਹੜਤਾਲਾਂ)"।

**ਉਦਮੀ ਬਾਬਾ —** ਜਦੋਂ ਕਿਤੇ ਬਾਬਾ ਜੀ ਉਠ ਕੇ ਕੋਈ ਚੀਜ਼ ਰੱਖਣ ਜਾਂ ਚੁਕਣ ਲਈ ਅਹਤਣਾ ਕਰਨੀ ਤਾਂ ਅਸਾਂ ਅਗੋਂ ਦੀ ਹੋ ਕੇ ਹਥ ਵਟਾਉਣ ਦੀ ਕਰਨੀ ਤਾਂ ਉਹਨਾਂ ਕਹਿਣਾ ਨਾ ਭਾਈ ਵੇਖੋ ਵਸਾਖਾ ਸਿੰਘ (ਸੰਤ) ਨੂੰ ਉਹਨਾਂ ਦੇ ਚੇਲੇ 'ਜੋਗੀ' ਬੈਠੇ ਬਿਠਾਇਆ ਨੂੰ ਘੁਟ-ਘੁਟ ਕੇ (ਮਠੀ ਚਾਪੀ ਕਰ ਕਰਕੇ) ਐਨੀ ਛੇਤੀ 'ਵਿਦਾ' ਕਰ ਦਿੱਤਾ ਸੀ ਨਹੀਂ ਤਾਂ ਉਹ ਮੇਰੇ ਨਾਲੋਂ ਕਿਤੇ ਬਲਵਾਨ ਸਨ" ... ਹਰਕਤ ਹੀ ਜ਼ਿਦਗੀ ਹੈ।

ਅਖੀਰਲੇ ਦਿਨੀਂ ਬੀਬੀਆਂ-ਭੈਣਾਂ ਦੀਆਂ ਡਾਰਾਂ ਆਪ ਦੇ ਡੇਰੇ ਵੱਲ ਆਉਂਦੀਆਂ ਵੇਖ ਕੇ ਆਖਣਾ, "ਇਹ ਆ ਰਹੀਆਂ ਨੇ ਵੇਖਣ ਲਈ ਕਿ ਕਦੋ ਬੁਢਾ ਮਰੇ, ਤਾਂ ਜੋ ਅਸੀਂ ਨਾਲੇ ਗੁੜ ਵਾਲੇ ਮਿਝੇ ਚੌਲ਼ ਖਾਈਏ ਤੇ ਨਾਲੇ ਗੱਲਾਂ ਕਰੀਏ ਕਿ ਚੌਲ਼ ਚੰਗੀ ਤਰ੍ਹਾਂ ਗਲੇ ਨਹੀਂ। "ਰਚਣਹਾਰੇ ਨੇ ਚੰਗੀ ਦੁਨੀਆ ਬਣਾਈ ਏ ਸੁਆਦ ਨਾਲ ਮਰਨ ਵੀ ਨਹੀਂ ਦੇਣਾ ਜਦੋਂ ਜਮਦੂਤ ਲੈ ਕੇ ਜਾਂਦੇ ਨੇ ਤਾਂ ਵਾਪਸ ਮੋੜ ਦੇਂਦੇ। ਉਏ ਇਹਨੂੰ ਨਾਸਤਕ ਨੂੰ ਅਜ ਕਿਉਂ ਲੈ ਆਏ ਉ ਲੈ ਜਾਉ ਵਾਪਸ...।"

**ਬਾਬਾ ਜੀ ਸਦਾ ਪਬਾਂ ਭਾਰ** — ਸਾਡੇ 6.6.1966 ਨੂੰ ਸੱਤ ਕੁ ਵਜੇ ਉਥੇ ਆਪੜਣੋ ਪਹਿਲਾਂ ਬਾਬਾ ਜੀ ਨੇ ਇਦਰਾ ਗਾਂਧੀ ਸਰਕਾਰ ਵਲੋਂ ਆਇਦ ਕੀਤਾ ਰੁਪਏ ਦੀ ਕੀਮਤ 'ਚ ਕਮੀ ਦਾ ਸਾਡੀ ਕੌਮ ਤੇ ਕੌਮਾਤਰੀ ਪ੍ਰਭਾਵ ਦੀ ਥਾਹ ਲਗਭਗ ਝਲ ਹੀ ਚੁਕੇ ਸਨ।

**ਮਾਤਾ ਦੀ ਸਰਦਾਰੀ ਦੀ ਝਲਕ —** ਜਦੋਂ ਇੰਦਰਾ ਗਾਂਧੀ ਜਨਵਰੀ 1966 'ਚ ਸ਼ਾਸਤਰੀ ਜੀ ਦੇ ਚਲਾਣੇ ਪਿਛੋਂ ਪਹਿਲੀ ਦੇਸ਼ ਦੀ ਪ੍ਰਧਾਨ ਮੰਤਰੀ ਬਣੀ ਤਾਂ ਬਾਬਾ ਜੀ ਨੇ ਇਹ ਨੂੰ ਇਨਕਲਾਬੀ — ਮੀਲ ਦਾ ਪੱਥਰ ਕਰਾਰ ਦਿੱਤਾ, ਜੀਹਦੀ ਕਿ ਉਹ ਆਸ ਨਹੀਂ ਸੀ ਕਰ ਸਕਦੇ। ਪਿਛੋਂ ਉਹਨਾਂ ਨੇ ਕਾਪੀ ਦੇ ਉਹਨਾਂ ਵਰਕਿਆਂ ਤੇ ਲੀਕ ਫੇਰ ਕੇ ਲਿਖਿਆ ਸੀ — ਕੀ ਬੀਬੀ ਰਾਣੀ ਦੀਆਂ ਕਰਤੂਤਾਂ ਨੇ, ਮੈਨੂੰ ਪਿਛਲੇ ਲਿਖੇ ਤੇ ਕਾਟਾ ਮਾਰਨ ਲਈ ਮਜਬੂਰ ਕੀਤੈ।

**ਜਦੋਂ ਬਾਬਾ ਜੀ ਨੇ ਜਾਪਾਨ 'ਚ ਯੋਕੋਹੋਮਾ ਵਿਖੇ ਜਰਮਨ ਦੂਤਾਵਾਸ 'ਚ ਪਿਛਲੇ ਪਾਸੇ ਚੋਰ ਦਰਵਾਜਿਓਂ ਘੁਸ ਪੈਠ ਕੀਤੀ** — ਦਰਅਸਲ ਉਹਨੀ ਦਿਨੀਂ ਜੰਗ ਦੌਰਾਨ ਜਰਮਨੀ ਦੀ ਡੁਬਕਨੀ ਕਿਸ਼ਤੀ ਏਡਮੈਨ, ਜਿਹੜੇ ਜਹਾਜ਼ ਤੇ ਦੁਸ਼ਮਣ ਦਾ ਝੰਡਾ ਦੇਖਦੀ, ਉਹ ਨੂੰ ਹੇਠੋਂ ਟੱਕਰ ਮਾਰ ਕੇ ਤਬਾਹ ਕਰਦੀ ਜਾ ਰਹੀ ਸੀ, ਹੁਣ ਚੂੰਕਿ ਕੋਮਾਗਾਟਾ ਮਾਰੂ, ਜਾਪਾਨੀ

ਜਹਾਜ ਹੋਣ ਕਰਕੇ ਉਸ ਤੇ ਜਾਪਾਨੀ ਝੰਡਾ ਲਹਿਰਾ ਰਿਹਾ ਸੀ, ਜਿਹਨੂੰ ਜਰਮਨੀ ਆਪਣਾ ਦੁਸ਼ਮਣ ਸਮਝਦਾ ਸੀ, ਕੋਮਾਗਾਟਾ ਮਾਰੂ ਨੂੰ ਵੀ ਇਹੀ ਖਤਰਾ ਸੀ। ਪੇਸਬੰਦੀ ਵਜੋਂ ਬਾਬਾ ਜੀ ਨੇ ਜਰਮਨ ਸਫ਼ੀਰ ਨੂੰ ਮਿਲ ਕੇ 'ਕੋਡ' ਤੈਅ ਕੀਤਾ ਜੀਹਨੂੰ ਜਹਾਜ ਦੇ ਸਾਬਕਾ ਝੰਡੀ-ਸ਼ੀਸਾ ਵਾਲੇ ਸਿਗਨਲਰ ਵਰਤੋਂ 'ਚ ਲਿਆ ਸਕਦੇ ਸਨ। ਇਹ ਤਹਿ ਕਰਕੇ ਆਏ ਸੀ। ਦੱਸਿਆ ਜਾਂਦੈ ਕਿ ਵਾਕਈ ਇਸ ਪੇਸ਼ਬੰਦੀ ਨੇ ਕੋਮਾਗਾਟਾ ਮਾਰੂ ਨੂੰ ਗਰਕ ਹੋਣੋਂ ਬਚਾਇਆ ਸੀ।

**ਬਾਬਾ ਜੀ ਨੂੰ ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਵਲੋਂ ਬਾਬਾ ਜੀ ਦੇ ਪੁਰਾਣੇ ਸਹਿਯੋਗੀ ਗਿਆਨੀ ਭਗਵਾਨ ਸਿੰਘ ਰਾਹੀਂ ਪੇਸ਼ਕਸ਼ —** ਗਿਆਨੀ ਜੀ ਜ ਸੋਲਨ ਨੇੜੇ ਸਬਾਠੂ ਵਿਖੇ ਵਧੀਆ ਕੋਠੀ ਤੇ ਹੋਰ ਸੁਖ-ਸਹੂਲਤਾ ਦਾ ਆਨੰਦ ਮਾਣ ਰਹੇ ਸੀ, ਬਾਬਾ ਜੀ ਤੇ ਬੜਾ 'ਜ਼ੋਰ ਦਿੱਤਾ' ਕਿ ਤੁਸੀਂ ਇਸ ਬਿਰਧ ਅਵਸਥਾ ਵਿੱਚ ਆਪਣੇ ਆਪ ਤੇ ਤਰਸ ਕਰੋ, ਪਰ ਬਾਬਾ ਜੀ ਨੇ ਇਹ ਕਹਿੰਦਿਆਂ ਦੋ-ਟੁਕ ਇਨਕਾਰ ਕਰ ਦਿੱਤਾ ਕਿ ਭਾਵੇਂ ਮੈਂ ਪਿੰਡ ਰਹਿਕੇ ਕੋਈ ਪਰਉਪਕਾਰ ਤਾਂ ਨਹੀਂ ਕਰ ਰਿਹਾ, ਪਰ ਮੈਨੂ ਘੱਟੋ-ਘੱਟ ਸਾਧਾਰਨ ਜਨਤਾ ਦੀਆਂ ਦੁਖ-ਤਕਲੀਫਾਂ ਦਾ ਅਤਾ-ਪਤਾ ਤਾਂ ਰਹਿੰਦਾ ਹੈ, ਜੋ ਹੋ ਸਕਦੈ ਮੇਰੀਆਂ ਅੱਖਾਂ ਤੋਂ ਉਹਲੇ ਹੋ ਜਾਣ ਤੇ ਭੁਲ ਜਾਵਾਂ।

**ਸੋਵੀਅਤ ਰੂਸ ਵਲੋਂ ਇਲਾਜ ਵਗੈਰਾ ਲਈ ਪ੍ਰਬੰਧ ਦੀ ਪੇਸ਼ਕਸ਼ —** ਰੂਸੀ ਸਫ਼ੀਰ ਨੇ ਆਪਣੇ ਖ਼ਾਸ ਏਲਚੀ ਰਾਹੀਂ ਬਾਬਾ ਜੀ ਨੂੰ ਕਿਹਾ ਕਿ ਉਹ ਮੈਡੀਕਲ ਚੈਕ-ਅਪ ਲਈ ਮਾਸਕੋ ਆ ਜਾਣ (ਜਿਵੇਂ ਲਗਭਗ ਸਾਰੇ ਚੋਟੀ ਦੇ ਕਮਿਉਨਿਸਟ ਆਗੂ ਕਰਦੇ ਆ ਰਹੇ ਸੀ), ਬਾਬਾ ਜੀ ਨੇ ਜ਼ਮੀਰ ਦੀ ਆਵਾਜ਼ ਸੁਣਦਿਆਂ ਏਸ ਲਈ ਸਾਫ਼ ਇਨਕਾਰ ਕਰ ਦਿੱਤਾ ਕਿ "ਕਰਸ਼ਚੀਵ ਦੀ ਅਗਵਾਈ ਵਾਲੀ ਸਰਕਾਰ ਨੇ ਲੈਨਿਨ ਦੀ ਸਜੀ ਬਾਹ ਸਟਾਲਿਨ ਦੀ ਲਾਸ ਕਬਰ 'ਚੋਂ ਕੱਢ ਕੇ ਰੋਲ਼ ਦਿੱਤੀ ਸੀ। ਮੈਂ ਇਸ ਸਰਕਾਰ ਦੀ ਕਿਸੇ ਪੇਸ਼ਕਸ਼ 'ਤੇ ਗੌਰ ਕਰਨ ਨੂੰ ਵੀ ਤਿਆਰ ਨਹੀਂ ਹਾਂ।"

**ਈਰਾਨ 'ਚ ਭੁਚਾਲ ਦਾ ਕਹਿਰ —** ਬਾਬਾ ਜੀ ਜਦੋਂ ਇਕ ਵਾਰੀ ਸ਼ਹਿਰ ਆਪਣੀ ਕਣਕ ਵੇਚ ਕੇ ਪਰਤ ਰਹੇ ਸੀ, ਤਾਂ ਉਹਨਾਂ ਨੂੰ ਪਤਾ ਲੱਗਿਆ ਕਿ ਈਰਾਨ 'ਚ ਇਕ ਭਿਆਨਕ ਭੁਚਾਲ ਆਇਐ, ਜਿਸ ਨੇ ਜੀਅ ਜੰਤਰ ਅਤੇ ਲੋਕਾਈ ਨੂੰ 'ਨਰਕ ਮਈ' ਬਣਾ ਕੇ ਰੱਖ ਦਿੱਤੈ। ਓਹਨਾਂ ਫੌਰਨ ਆਪਣੀ ਲੋੜ ਜੋਗੀ ਰਕਮ ਰੱਖਕੇ ਬਾਕੀ ਸਾਰੀ ਦੀ ਸਾਰੀ ਰਕਮ ਈਰਾਨ ਸਫ਼ਾਰਤ ਖਾਨੇ ਰਾਹੀਂ ਭੇਜ ਦਿੱਤੀ — ਮੈਨੂੰ ਇਹ ਸਭ ਕੁਝ ਉਹਨਾਂ ਦੀ ਸੰਦੂਕੜੀ ਆਦਿ 'ਚ ਮਿਲੀਆਂ ਪਰਚੀਆਂ-ਰਸੀਦਾਂ ਰਾਹੀਂ ਹੀ ਪਤਾ ਲੱਗਿਆ ਸੀ, ਵੈਸੇ ਉਹ ਜਾਤੀ ਤੌਰ ਤੇ ਤਾਂ ਫਾਰਸੀ ਕਹਾਵਤ "ਨੇਕੀ ਕਰ ਔਰ ਕੂਏ ਮੇਂ ਡਾਲ" ਦੇ ਧਾਰਨੀ ਸਨ।

-------